DIRECTORATE OF EDUCATION
Shiromani Gurdwara Parbandhak Committee,
Sri Amritsar Sahib



# Prospectus
## 2025-26

# GURU GOBIND SINGH KHALSA COLLEGE
## BHAGTA BHAI KA, DISTT. BATHINDA
Affiliated to Punjabi University, Patiala & P.S.E.B., MOHALI

www.ggskcbhagta.org

# ਸ੍ਵੈਯਾ

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥

ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ॥

ਅਰੁ ਸਿਖ ਹੋਂ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥

ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ॥

ਗੁਰੂ ਗੋਬਿੰਦ ਸਿੰਘ ਜੀ

# ਸੰਦੇਸ਼



ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਸਿੱਖਾਂ ਦੀ ਪ੍ਰਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਦਾ ਇਤਿਹਾਸ ਬਹੁਤ ਨਿਵੇਕਲਾ ਅਤੇ ਕੁਰਬਾਨੀਆਂ ਭਰਿਆ ਹੈ। ਇਸ ਦੇ ਹੋਂਦ ਵਿੱਚ ਆਉਣ ਨਾਲ ਸਿੱਖ ਸ਼ਕਤੀ ਸੰਗਠਿਤ ਹੋਈ, ਜਿਸ ਨੇ ਪੰਥਕ ਹਿੱਤਾਂ ਦੀ ਤਰਜ਼ਮਾਨੀ ਕੀਤੀ। ਗੁਰੂ ਘਰਾਂ ਦੇ ਸੁਚੱਜੇ ਪ੍ਰਬੰਧ, ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ, ਪੰਥਕ ਮਸਲਿਆਂ, ਸਿਹਤ ਸੇਵਾਵਾਂ, ਲੋਕ ਭਲਾਈ, ਵਿੱਦਿਆ ਤੋਂ ਲੈ ਕੇ ਸਮਾਜ ਦੇ ਹਰ ਖੇਤਰ ਵਿਚ ਇਸ ਦੀ ਭੂਮਿਕਾ ਮੋਹਰੀ ਰਹੀ ਹੈ।

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਵਿੱਦਿਆ ਦੇ ਪਸਾਰ ਲਈ ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਕਰਕੇ ਨਿਰਸਵਾਰਥ ਭਾਵਨਾ ਨਾਲ ਉੱਚ, ਮਿਆਰੀ, ਸਮੇਂ ਦੇ ਹਾਣ ਦੀ ਸਿੱਖਿਆ ਪ੍ਰਦਾਨ ਕਰਨ ਹਿੱਤ ਅਤੇ ਨੈਤਿਕ ਕਦਰਾਂ-ਕੀਮਤਾਂ, ਅਮੀਰ ਸਿੱਖ ਵਿਰਸਾ, ਸਿੱਖੀ ਸਿਧਾਂਤਾਂ ਤੇ ਸਿੱਖੀ ਜੀਵਨ ਦਰਸ਼ਨ ਅਨੁਸਾਰ ਵਿਦਿਆਰਥੀਆਂ ਦੀ ਸ਼ਖ਼ਸੀਅਤ ਉਸਾਰੀ ਕਰਨ ਲਈ ਨਿੱਗਰ ਯੋਗਦਾਨ ਪਾਇਆ ਜਾ ਰਿਹਾ ਹੈ।

ਅਜੋਕੇ ਸਮੇਂ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਸਿੱਖਿਆ ਦੇ ਖੇਤਰ ਵਿੱਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ, ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਤੇ ਦਿਸ਼ਾ ਦੇਣ, ਪਤਿਤਪੁਣੇ ਤੇ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਬਚਾਉਣ, ਸਦਾਚਾਰਕ ਤੇ ਨੈਤਿਕ ਸਿੱਖਿਆ ਪ੍ਰਦਾਨ ਕਰਨ, ਪੱਛਮੀ ਚਕਾਚੌਂਧ ਤੋਂ ਪ੍ਰਭਾਵਿਤ ਰਹਿਣੀ-ਬਹਿਣੀ ਤੇ ਪੱਛਮੀ ਮੁਲਕਾਂ ਵੱਲ ਨੌਜਵਾਨਾਂ ਦੇ ਪ੍ਰਵਾਸ ਨੂੰ ਠੱਲ੍ਹ ਪਾਉਣ ਪ੍ਰਤੀ ਵਿੱਦਿਅਕ ਅਦਾਰਿਆਂ ਦੀ ਅਹਿਮ ਭੂਮਿਕਾ ਤੇ ਜ਼ਿੰਮੇਵਾਰੀ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਅਤਿਅਆਧੁਨਿਕ ਤਕਨੀਕ ਨਾਲ ਅਤੇ ਮਸ਼ੀਨੀ ਜਾਂ ਮਸਨੂਈ ਬੁੱਧੀਮਾਨਤਾ ਦੇ ਇਸ ਯੁੱਗ ਵਿੱਚ ਨੌਜਵਾਨਾਂ ਨੂੰ ਨਵੀਂ ਤਕਨੀਕ ਨਾਲ ਲਬਰੇਜ਼ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਮੁੱਲਵਾਨ ਮਾਨਵੀ ਕਦਰਾਂ-ਕੀਮਤਾਂ, ਉੱਚੇ ਆਦਰਸ਼ਾਂ, ਨੈਤਿਕ ਮੁੱਲਾਂ ਅਤੇ ਸਿੱਖੀ ਸਿਧਾਂਤਾਂ ਦੀ ਸਿੱਖਿਆ ਦੇਣਾ ਆਪਣਾ ਫਰਜ਼ ਸਮਝਦੀਆਂ ਹਨ। ਇਨਾ ਸੰਸਥਾਵਾਂ ਦਾ ਮੰਤਵ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਸੰਜਮ, ਸੰਤੋਖ ਤੇ ਸੰਵੇਦਨਸ਼ੀਲਤਾ ਜਿਹੇ ਗੁਣਾਂ ਦਾ ਸੰਚਾਰ ਕਰਕੇ ਨਿੱਗਰ ਚਰਿੱਤਰ ਦਾ ਨਿਰਮਾਣ ਕਰਨਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਫੁਰਮਾਨ / ਬਚਨ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਅਨੁਸਾਰ ਵਿੱਦਿਆ ਪ੍ਰਾਪਤ ਕਰਕੇ ਸੰਗਤ ਵਿੱਚ ਪਰਉਪਕਾਰ ਕਰਨ ਦਾ ਉਪਦੇਸ਼ ਹੈ। ਵਿੱਦਿਆ ਦੂਜਿਆਂ ਦੀ ਭਲਾਈ ਕਰਨਾ ਸਿਖਾਉਂਦੀ ਹੈ ਅਤੇ ਮਨੁੱਖ ਅਸਲ ਵਿੱਦਿਆ ਪ੍ਰਾਪਤ ਕਰਕੇ ਹੀ 'ਵਿਚਾਰਵਾਨ' ਬਣਦਾ ਹੈ। ਇਸ ਆਦਰਸ਼ ਉੱਤੇ ਚੱਲਦਿਆਂ ਸਿੱਖਿਆ ਵਿੱਚ ਸਿੱਖ ਸੁਰਤਿ, ਮਤਿ, ਮਨੁ, ਬੁਧਿ, ਬਿਬੇਕ ਰਾਹੀਂ ਰੋਸ਼ਨ ਦਿਮਾਗ਼ ਅਤੇ ਸਿੱਖੀ ਸਰੂਪ ਦੀ ਝਲਕ ਵੀ ਦ੍ਰਿਸ਼ਟੀਮਾਨ ਹੋਣੀ ਜ਼ਰੂਰੀ ਹੈ।

ਮੈਂ ਸੰਸਥਾ ਵਿੱਚ ਦਾਖ਼ਲਾ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਖ਼ੁਸ਼-ਆਮਦੀਦ ਆਖਦਾ ਹੋਇਆ ਸਭ ਦੇ ਰੋਸ਼ਨ ਭਵਿੱਖ ਲਈ ਤਹਿ ਦਿਲੋਂ ਸ਼ੁੱਭ ਇੱਛਾਵਾਂ ਦਿੰਦਾ ਹਾਂ।

**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ

# ਸੰਦੇਸ਼



ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹ॥

ਪਿਆਰੇ ਵਿਦਿਆਰਥੀਓ,

ਗੁਰੂ ਸਾਹਿਬਾਨ ਦੁਆਰਾ ਸਮੁੱਚੀ ਮਾਨਵਤਾ ਦੇ ਭਲੇ ਲਈ ਦਰਸਾਏ ਮਾਰਗ ਉੱਤੇ ਚੱਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਬਹੁਪੱਖੀ ਸਿੱਖਿਆ ਪ੍ਰਦਾਨ ਕਰਨ ਲਈ ਯਤਨਸ਼ੀਲ ਹਨ। ਇਹਨਾਂ ਵਿੱਦਿਅਕ ਅਦਾਰਿਆਂ ਦਾ ਮੂਲ ਉਦੇਸ਼ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਫੈਲਾਉਣਾ ਅਤੇ ਅਜਿਹੀ ਸਾਰਥਕ ਤੇ ਸਦੀਵੀ ਸਿੱਖਿਆ ਪ੍ਰਦਾਨ ਕਰਨਾ ਹੈ ਜਿਸ ਵਿੱਚੋਂ ਸਿੱਖੀ ਸਿਧਾਂਤਾਂ ਦੀ ਝਲਕ ਵੀ ਪ੍ਰਾਪਤ ਹੋਵੇ।

ਆਧੁਨਿਕ ਸਮੇਂ ਪੂੰਜੀਵਾਦੀ ਅਤੇ ਸਵਾਰਥੀ ਰੁਚੀਆਂ ਦੇ ਸ਼ਿਕਾਰ ਵਰਗ ਵੱਲੋਂ ਸਿੱਖਿਆ ਨੂੰ ਮੁਨਾਫ਼ੇ ਦੀ ਵਸਤੂ ਬਣਾ ਕੇ ਇਸ ਦਾ ਵਪਾਰੀਕਰਨ ਕੀਤਾ ਜਾ ਰਿਹਾ ਹੈ ਜਦਕਿ ਵਿੱਦਿਆ ਦਾ ਅਸਲੀ ਅਰਥ ਪਰਉਪਕਾਰ ਹੈ। ਮੌਲਿਕ ਸੂਝ ਤੇ ਵਿਸ਼ਾਲ ਗਿਆਨ ਪ੍ਰਾਪਤ ਕਰਕੇ ਵਿਚਾਰਵਾਨ ਸਿੱਖਿਆਰਥੀ ਨੇ ਸਮਾਜ ਲਈ ਰਾਹ ਦਸੇਰਾ ਬਣਨਾ ਹੁੰਦਾ ਹੈ। ਵਿਚਾਰਹੀਣ ਵਿੱਦਿਆ ਮਨੁੱਖ ਨੂੰ ਪਰਉਪਕਾਰੀ ਬਣਾਉਣ ਦੀ ਥਾਂ ਕੁਰਾਹੇ ਪਾ ਦਿੰਦੀ ਹੈ।

ਅਜੋਕੇ ਸਿੱਖਿਆ ਪ੍ਰਬੰਧ ਨੂੰ ਬਹੁਤ ਚੁਣੌਤੀਆਂ ਅਤੇ ਸਮੱਸਿਆਵਾਂ ਦਰਪੇਸ਼ ਹਨ। ਸਵੈਕੇਂਦਰਿਤ ਰੁਚੀਆਂ ਦੇ ਸ਼ਿਕਾਰ ਮਨੁੱਖ ਵਿੱਚੋਂ ਮਾਨਵੀ ਕਦਰਾਂ-ਕੀਮਤਾਂ ਮਨਫ਼ੀ ਹੁੰਦੀਆਂ ਜਾ ਰਹੀਆਂ ਹਨ। ਨੌਜਵਾਨ ਵਰਗ ਨੂੰ ਉੱਚੇਰੀ ਸਿੱਖਿਆ ਅਤੇ ਰੁਜ਼ਗਾਰ ਪ੍ਰਾਪਤੀ ਦੇ ਖੇਤਰ ਵਿੱਚ ਵੱਡੀਆਂ ਵੰਗਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਕਾਰਾਤਮਕ ਪਰੰਪਰਕ ਕੀਮਤਾਂ ਤੋਂ ਸੱਖਣੀ ਅਤੇ ਆਪਣੇ ਅਮੀਰ ਵਿਰਸੇ ਤੋਂ ਟੁੱਟ ਰਹੀ ਨਵੀਂ ਪੀੜ੍ਹੀ ਦਿਸ਼ਾਹੀਣ ਤੇ ਨਕਾਰਾਤਮਕ ਸੋਚ ਦੀ ਧਾਰਨੀ ਬਣਦੀ ਜਾ ਰਹੀ ਹੈ। ਮਸ਼ੀਨੀਕਰਨ ਤੋਂ ਪ੍ਰਭਾਵਿਤ ਅਜੋਕੀ ਜੀਵਨ ਸ਼ੈਲੀ ਨੇ ਰਚਨਾਤਮਕ, ਸਿਰਜਣਾਤਮਕ ਤੇ ਬੌਧਿਕ ਪੱਖੋਂ ਨੌਜਵਾਨ ਵਰਗ ਨੂੰ ਊਣਾ ਕਰ ਦਿੱਤਾ ਹੈ। ਸਿੱਖਿਆ ਸੰਸਥਾਵਾਂ ਨੂੰ ਦੂਰਅੰਦੇਸ਼ੀ ਅਤੇ ਭਵਿੱਖਮੁਖੀ ਯੋਜਨਾਵਾਂ ਬਣਾਉਣ ਦੀ ਸਖ਼ਤ ਜ਼ਰੂਰਤ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਹੁਨਰ, ਕਲਾ, ਪ੍ਰਤਿਭਾ ਨੂੰ ਨਿਖਾਰਨ, ਸਿੱਖੀ ਸਿਧਾਂਤਾਂ, ਸਿੱਖ ਇਤਿਹਾਸ, ਗੁਰਮਤਿ ਜੀਵਨ-ਜਾਚ ਨਾਲ ਜੋੜਨ ਦੇ ਪੁਰਜ਼ੋਰ ਯਤਨ ਕੀਤੇ ਜਾਂਦੇ ਹਨ। ਰੁਜ਼ਗਾਰ ਪ੍ਰਾਪਤੀ ਲਈ ਮੌਕੇ ਪ੍ਰਦਾਨ ਕਰਨ ਹਿੱਤ ਸਾਰਥਕ ਉਪਰਾਲੇ ਕੀਤੇ ਜਾਂਦੇ ਹਨ। ਗਿਆਨੁ ਪ੍ਰਚੰਡੁ ਪ੍ਰਸ਼ਨੋਤਰੀ ਮੁਕਾਬਲਾ, ਗੁਰਮਤਿ ਕੈਂਪ, ਗੁਰਮਤਿ ਸਮਾਗਮ, ਪ੍ਰਦਰਸ਼ਨੀਆਂ, ਸ਼ਖ਼ਸੀਅਤ ਉਸਾਰੀ ਦੀ ਸਿਖਲਾਈ ਲਈ ਵਰਕਸ਼ਾਪ, ਵਰਨੈਕੁਲਰ ਬ੍ਰਿਜ ਕੋਰਸ ਅਤੇ ਕੇਂਦਰੀ ਪੱਧਰ ਉੱਤੇ ਵਿਸ਼ਾਲ ਰੁਜ਼ਗਾਰ ਮੇਲਾ ਆਦਿ ਗਤੀਵਿਧੀਆਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵੱਲੋਂ ਜਿਸ ਪ੍ਰਕਾਰ ਵਰਤਮਾਨ ਸਮੇਂ ਸਿੱਖਿਆ ਦੇ ਖੇਤਰ ਵਿੱਚ ਵਿਸ਼ਵ ਪੱਧਰ ਉੱਤੇ ਨਿਆਰੀ ਪਹਿਚਾਣ ਬਣਾਈ ਗਈ ਹੈ ਉਸ ਪ੍ਰਕਾਰ ਹੀ ਦਰਪੇਸ਼ ਚੁਣੌਤੀਆਂ ਦੇ ਸੰਭਾਵੀ ਹੱਲ ਕੱਢਣ ਲਈ ਵੀ ਸੰਸਥਾਵਾਂ ਵੱਲੋਂ ਸੁਹਿਰਦ ਯਤਨ ਜਾਰੀ ਰਹਿਣਗੇ।

ਇਹਨਾਂ ਵਿੱਦਿਅਕ ਸੰਸਥਾਵਾਂ ਦਾ ਮਨੋਰਥ ਵਿਦਿਆਰਥੀਆਂ ਨੂੰ ਪਰੰਪਰਾਗਤ ਢੰਗਾਂ ਅਤੇ ਅਤਿ-ਆਧੁਨਿਕ ਤਕਨਾਲੋਜੀ ਦੀਆਂ ਤਕਨੀਕਾਂ ਦੇ ਪ੍ਰਯੋਗ ਰਾਹੀਂ ਨਵੇਂ ਗਿਆਨ ਨਾਲ ਸਿੱਖਿਅਤ ਕਰਨਾ, ਕਿੱਤਾ ਮੁਖੀ ਸਿੱਖਿਆ ਰਾਹੀਂ ਰੁਜ਼ਗਾਰ ਪ੍ਰਾਪਤੀ ਦੇ ਯੋਗ ਬਣਾਉਣਾ, ਖ਼ਾਲਸਾਈ ਵਿਰਾਸਤ ਦੇ ਵਾਰਿਸ, ਸਿੱਖ-ਸਿਧਾਂਤ ਦੇ ਧਾਰਨੀ, ਉੱਚ ਚਰਿੱਤਰ ਦੇ ਮਾਲਕ, ਸਰਬੱਤ ਦੇ ਭਲੇ ਦੀ ਸੋਚ ਦੇ ਧਾਰਨੀ ਤੇ ਸਮਾਜ ਨੂੰ ਸੇਧ ਦੇਣ ਵਾਲੇ ਨੌਜਵਾਨ ਵਰਗ ਦਾ ਨਿਰਮਾਣ ਕਰਨਾ ਹੈ।

ਮੈਂ ਸੰਸਥਾ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦਾ ਨਿੱਘਾ ਸੁਆਗਤ ਕਰਦਾ ਹਾਂ ਅਤੇ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਸੰਸਥਾ ਤੁਹਾਡੇ ਸੁਪਨਿਆਂ ਦੀ ਪੂਰਤੀ ਲਈ ਤੇ ਨਿਰਧਾਰਿਤ ਟੀਚਿਆਂ ਦੀ ਪ੍ਰਾਪਤੀ ਕਰਨ ਵਿੱਚ ਜ਼ਰੂਰ ਮਦਦਗਾਰ ਸਿੱਧ ਹੋਵੇਗੀ।

**ਇੰਜ. ਸੁਖਮਿੰਦਰ ਸਿੰਘ**
**ਸਕੱਤਰ/ਡਾਇਰੈਕਟਰ (ਵਿੱਦਿਆ)**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ**

# ਸੰਦੇਸ਼



ਸਿੱਖਾਂ ਦੀ ਸਿਰਮੌਰ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਵੱਲੋਂ ਮਾਲਵੇ ਦੇ ਇਲਾਕੇ 'ਭਗਤਾ ਭਾਈ ਕਾ' ਵਿਖੇ ਕੋ-ਐਜੂਕੇਸ਼ਨਲ ਕਾਲਜ ਖੋਲ੍ਹਣਾ ਇਲਾਕੇ ਦੇ ਨੌਜਵਾਨ ਵਰਗ ਲਈ 'ਘਰ ਵਿੱਚ ਗੰਗਾ' ਸਮਾਨ ਹੈ ਕਿਉਂ ਕਿ ਇਸ ਖੇਤਰ ਵਿੱਚ ਲੜਕੀਆਂ ਦੇ ਕਾਲਜ ਤਾਂ ਭਾਵੇਂ ਸਨ ਪਰ ਲੜਕਿਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਦੂਰ-ਦੁਰਾਡੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਸੀ। ਇਹ ਕਾਲਜ ਵਿਦਿਆਰਥੀਆਂ ਨੂੰ ਵਿੱਦਿਅਕ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ-ਨਾਲ ਨੌਜਵਾਨਾਂ ਨੂੰ ਸਿੱਖੀ ਸਿਧਾਂਤਾਂ ਦੀ ਸਿੱਖਿਆ ਪ੍ਰਦਾਨ ਕਰਵਾਉਂਦਿਆਂ ਗੁਰਮਤਿ ਅਨੁਸਾਰ ਜੀਵਨ ਜਿਉਣ ਦੀ ਸੇਧ ਦਿੰਦਾ ਹੈ।

ਇਸ ਕਾਲਜ ਨੇ ਥੋੜ੍ਹੇ ਅਰਸੇ ਵਿੱਚ ਹੀ ਅਕਾਦਮਿਕ ਦੇ ਨਾਲ-ਨਾਲ ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾਈ ਹੈ।ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਬਣਿਆ ਇਹ ਕਾਲਜ ਪ੍ਰਮਾਤਮਾ ਦੀ ਮਿਹਰ ਨਾਲ ਦਿਨ-ਬ ਦਿਨ ਤਰੱਕੀ ਦੀਆਂ ਮੰਜ਼ਿਲਾਂ ਛੂਹ ਰਿਹਾ ਹੈ।

ਇਸ ਸੰਸਥਾ ਦੇ ਉੱਜਲ ਭਵਿੱਖ ਦੀ ਆਸ ਵਿੱਚ ਸ਼ੁੱਭ ਇੱਛਾਵਾਂ ਸਹਿਤ।

**ਸ. ਸਿਕੰਦਰ ਸਿੰਘ ਮਲੂਕਾ**
**ਆਨਰੇਰੀ ਸਕੱਤਰ, ਕਾਲਜ ਕਮੇਟੀ,**
**ਸਾਬਕਾ ਕੈਬਨਿਟ ਮੰਤਰੀ(ਪੰਜਾਬ)**



# ਸੰਦੇਸ਼

ਉੱਚ ਵਿੱਦਿਆ ਦੇ ਅਦਾਰਿਆਂ ਵਿਚ ਚਿੰਤਨਸ਼ੀਲ, ਸਿਰਜਣਸ਼ੀਲ ਅਤੇ ਸਰਵਪੱਖੀ ਤੌਰ 'ਤੇ ਵਿਕਾਸਸ਼ੀਲ ਵਿਅਕਤਿਤਵਾਂ ਦੀ ਘਾੜਤ ਕਰਨੀ ਇੱਕੀਵੀਂ ਸਦੀ ਦੀ ਪ੍ਰਮੁੱਖ ਜ਼ਰੂਰਤ ਹੈ। ਇਸ ਮਕਸਦ ਦੀ ਪੂਰਤੀ ਦੇ ਸਨਮੁੱਖ ਵਿਭਿੰਨ ਅਨੁਸ਼ਾਸਨਾਂ ਤਹਿਤ ਵਿਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਦੀਆਂ ਅੰਦਰੂਨੀ ਸੰਭਾਵਨਾਵਾਂ ਨੂੰ ਉਜਾਗਰ ਕਰਨ ਦੀ ਵੱਡੀ ਚੁਣੌਤੀ ਹੈ। ਇਸ ਦੇ ਨਾਲ ਹੀ ਗਲੋਬਲ ਪਿੰਡ ਦੀ ਅਵਧਾਰਨਾ ਦੀ ਪੈਰਵੀ ਕਰ ਰਹੇ ਸਾਡੇ ਮੁਲਕ, ਖਾਸ ਤੌਰ 'ਤੇ ਪੰਜਾਬ ਵਿਚੋਂ ਨੌਜੁਆਨਾਂ ਦੀ ਵਿਦੇਸ਼ਾਂ ਵੱਲ ਨੂੰ ਪਰਵਾਸ ਕਰਨ ਦੀ ਹੋੜ ਅਤੇ ਆਪਣੀ ਜਨਮ-ਭੋਂ, ਵਿਰਸੇ, ਧਰਮ ਅਤੇ ਇਤਿਹਾਸ ਤੋਂ ਦੂਰੀ ਗੰਭੀਰ ਸਮੱਸਿਆ ਬਣਕੇ ਉੱਭਰ ਰਹੀ ਹੈ।ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਇਕ ਮਾਤਰ ਸਾਧਨ ਹੈ-ਉੱਚ ਪਾਏ ਦੀ ਵਿੱਦਿਆ। ਇਸ ਲਈ ਇਹ ਅਤਿਅੰਤ ਜ਼ਰੂਰੀ ਹੋ ਜਾਂਦਾ ਹੈ ਕਿ ਸਥਾਨਕ, ਸਮਾਜਿਕ, ਆਰਥਿਕ, ਸਭਿਆਚਾਰਕ, ਅਤੇ ਇਤਿਹਾਸਕ ਪਹਿਚਾਣ ਦੇ ਧੁਰਿਆਂ ਦੀ ਪਹਿਚਾਣ ਕੀਤੀ ਜਾਵੇ ਅਤੇ ਪਹਿਲ ਦੇ ਆਧਾਰ 'ਤੇ ਉਹਨਾਂ ਨਾਲ ਸੰਵਾਦ ਰਚਾਇਆ ਅਤੇ ਨੌਜੁਆਨਾਂ ਨੂੰ ਪ੍ਰੇਰਿਤ ਕੀਤਾ ਜਾਵੇ।ਅਜਿਹਾ ਕਰਨ ਦੀ ਜ਼ਿੰਮੇਵਾਰੀ ਉੱਚ ਵਿਦਿਆ ਦੀਆਂ ਸੰਸਥਾਵਾਂ ਅਤੇ ਅਧਿਆਪਕ ਵਰਗ ਦੇ ਹਿੱਸੇ ਆਉਂਦੀ ਹੈ।

ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਭਗਤਾ ਭਾਈਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਵਿਚ ਆਪਣੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾ ਕੇ ਆਧੁਨਿਕ ਯੁੱਗ ਦੇ ਮਸਲਿਆਂ ਅਤੇ ਪਰਸਥਿਤੀਆਂ ਨੂੰ ਸਮਝਣ ਦੇ ਕਾਬਿਲ ਬਣਾਉਂਦੇ ਹੋਇਆਂ ਉਹਨਾਂ ਦੇ ਸੰਭਾਵਨਾਵਾਂ ਭਰਪੂਰ ਭਵਿੱਖ ਨੂੰ ਸਿਰਜਣ ਦਾ ਉਪਰਾਲਾ ਕਰ ਰਿਹਾ ਹੈ।ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਖੇਤਰ ਵਿਚ ਵਿਲੱਖਣ ਪ੍ਰਾਪਤੀਆਂ ਵਾਲਾ ਇਹ ਕਾਲਜ ਆਰਟਸ, ਸਾਇੰਸ, ਕਾਮਰਸ ਅਤੇ ਤਕਨੀਕੀ ਵਿੱਦਿਆ ਪ੍ਰਦਾਨ ਕਰਦਾ ਹੋਇਆ ਇਲਾਕੇ ਦੀ ਸੇਵਾ ਕਰ ਰਿਹਾ ਹੈ।

ਸ਼ੁੱਭ ਇੱਛਾਵਾਂ ਸਹਿਤ!

**ਡਾ. ਸਤਿੰਦਰ ਕੌਰ ਮਾਨ**

ਕਾਰਜਕਾਰੀ ਪ੍ਰਿੰਸੀਪਲ

# ਕਾਲਜ ਅਧਿਆਪਨ ਸਟਾਫ਼

## ਡਾ. ਸਤਿੰਦਰ ਕੌਰ ਮਾਨ (ਐਸੋਸੀਏਟ ਪ੍ਰੋਫ਼ੈਸਰ ਅਤੇ ਕਾਰਜਕਾਰੀ ਪ੍ਰਿੰਸੀਪਲ)

**Ph.D., UGC NET, M.A (Hons.)**

### ਅੰਗਰੇਜ਼ੀ

| | |
|---|---|
| ਜਗਦੀਪ ਕੌਰ (ਅਸਿਸ.ਪ੍ਰੋ) | M.A. (English), B.Ed., UGC NET |
| ਅਮਨਦੀਪ ਕੌਰ (ਅਸਿਸ.ਪ੍ਰੋ) | M.A. (English), B.Ed. |
| ਗਗਨਦੀਪ ਕੌਰ (ਅਸਿਸ.ਪ੍ਰੋ) | M.A. (English), B.Ed. |

### ਮੈਥ

| | |
|---|---|
| ਹਰਪਿੰਦਰ ਕੌਰ (ਅਸਿਸ.ਪ੍ਰੋ) | CSIR NET ,M.Sc (Maths) B.Ed |
| ਮਨਿੰਦਰ ਕੌਰ (ਅਸਿਸ.ਪ੍ਰੋ)* | M.Sc. (Maths), B.Ed. |

### ਰਿਲੀਜਨ

| | |
|---|---|
| ਡਾ. ਰੁਪਿੰਦਰਜੀਤ ਸਿੰਘ (ਅਸਿਸ.ਪ੍ਰੋ) | Ph.D , M.Phil ,M.A(Religion) |

### ਧਾਰਮਿਕ

| | |
|---|---|
| ਅਰਸ਼ਦੀਪ ਸਿੰਘ (ਧਾਰਮਿਕ ਅਧਿਆਪਕ) | B.A. (Religion), Diploma in Religion |

### ਪੰਜਾਬੀ

| | |
|---|---|
| ਡਾ. ਹਰਮਨਦੀਪ ਕੌਰ (ਅਸਿਸ.ਪ੍ਰੋ) | Ph.D , UGC NET, M.A(Punjabi),B.Ed, |
| ਡਾ. ਸਿਮਰਜੀਤ ਕੌਰ (ਅਸਿਸ.ਪ੍ਰੋ) | Ph.D M.Phil ,M.A (Punjabi), B.Ed |
| ਰਮਨਦੀਪ ਕੌਰ (ਲੈਕਚਰਾਰ) | M.A. (Punjabi, History), B.Ed. |
| ਜਸਬੀਰ ਕੌਰ (ਅਸਿਸ.ਪ੍ਰੋ) | M.Phil ,UGC NET,M.A (Punjabi) |
| ਅੰਮ੍ਰਿਤਪਾਲ ਸਿੰਘ (ਅਸਿਸ.ਪ੍ਰੋ) | M.A. Pbi., UGC NET, B.Ed. |

### ਫਿਜਿਕਸ

| | |
|---|---|
| ਹਰਦੀਪ ਕੌਰ (ਅਸਿਸ.ਪ੍ਰੋ) | M.Sc. (Physics), B.Ed. |

### ਬੌਟਨੀ

| | |
|---|---|
| ਮਨਦੀਪ ਕੌਰ (ਅਸਿਸ.ਪ੍ਰੋ) | M.Sc. (Botony), B.Ed. |

### ਜੌਆਲੋਜੀ

| | |
|---|---|
| ਅਮਨਦੀਪ ਕੌਰ (ਅਸਿਸ.ਪ੍ਰੋ) | M.Sc. (Zoology) |

### ਕੈਮਿਸਟਰੀ

| | |
|---|---|
| ਗੁਰਪ੍ਰੀਤ ਕੌਰ (ਅਸਿਸ.ਪ੍ਰੋ) | M.Sc. (Chemistry), B.Ed. |

### ਫਿਜੀਕਲ ਐਜੂਕੇਸ਼ਨ

| | |
|---|---|
| ਸੁਸ਼ਮਾ ਰਾਣੀ(ਲੈਕਚਰਾਰ) | M.Phil., M.P.Ed, |

## ਇਕਨਾਮਿਕਸ

| | |
|---|---|
| ਗੁਰਪ੍ਰੀਤ ਕੌਰ (ਅਸਿਸ.ਪ੍ਰੋ) | M.A. (Eco.), B.Ed.. |

## ਹਿਸਟਰੀ

| | |
|---|---|
| ਡਾ. ਰਮਨਪ੍ਰੀਤ ਕੌਰ (ਅਸਿਸ.ਪ੍ਰੋ) | Ph.D., M.Phil, M.A. (History), B.Ed. |

## ਪੋਲਿਟੀਕਲ ਸਾਇੰਸ

| | |
|---|---|
| ਰਮਨਦੀਪ ਕੌਰ (ਅਸਿਸ.ਪ੍ਰੋ) | M.A. (Political Sci.), B.Ed. |

## ਫੈਸ਼ਨ ਟੈਕਨੋਲੌਜੀ

| | |
|---|---|
| ਜਿੰਕਪ੍ਰੀਤ ਕੌਰ (ਅਸਿਸ.ਪ੍ਰੋ) | M.Sc (Fashion Design & Tech.) |
| ਸੁਰਿੰਦਰ ਕੌਰ (ਅਸਿਸ.ਪ੍ਰੋ) | M.Sc (Fashion Design & Tech.) |
| ਗਗਨਦੀਪ ਕੌਰ (ਅਸਿਸ.ਪ੍ਰੋ) | M.Sc (Fashion Design & Tech.) |

## ਕੰਪਿਊਟਰ ਸਾਇੰਸ

| | |
|---|---|
| ਡਾ. ਅਮਨਦੀਪ ਕੌਰ (ਅਸਿਸ.ਪ੍ਰੋ) | M.C.A., M.Phil., Ph.D. |
| ਰੁਪਿੰਦਰ ਕੌਰ (ਅਸਿਸ.ਪ੍ਰੋ) | B.C.A., M.Sc. (IT) |
| ਸੰਦੀਪ ਕੌਰ (ਅਸਿਸ.ਪ੍ਰੋ) | M.C.A., M.Phil. |
| ਗਿਆਨਜੀਤ ਕੌਰ (ਅਸਿਸ.ਪ੍ਰੋ) | M.Tech(CSE) |
| ਮਨਜੀਤ ਕੌਰ (ਅਸਿਸ.ਪ੍ਰੋ) | M.C.A., M.Tech (CSE) |

## ਕਾਮਰਸ

| | |
|---|---|
| ਲਖਵੀਰ ਕੌਰ (ਅਸਿਸ.ਪ੍ਰੋ) | M.Com., B.Ed. |
| ਕਿਰਨਜੀਤ ਕੌਰ (ਅਸਿਸ.ਪ੍ਰੋ) | M.Com., B.Ed. |



# ਨਾਨ-ਟੀਚਿੰਗ ਸਟਾਫ਼

| | |
|---|---|
| ਲਖਵੀਰ ਸਿੰਘ | ਲੈਬ ਅਟੈਂਡੈਂਟ |
| ਮਨਪ੍ਰੀਤ ਸਿੰਘ | ਆਫਿਸ ਅਸਿਸਟੈਂਟ |
| ਪਵਨਜੋਤ ਕੌਰ | ਅਕਾਊਂਟਸ ਕਲਰਕ |
| ਬਲਜੀਤ ਸਿੰਘ | ਸਟੋਰ ਕੀਪਰ |
| ਤਲਵਿੰਦਰ ਸਿੰਘ | ਸੇਵਾਦਾਰ/ਚੌਕੀਦਾਰ |
| ਗੁਰਪ੍ਰੀਤ ਸਿੰਘ | ਮਾਲੀ |
| ਗੁਰਟੇਕ ਸਿੰਘ | ਸਕਿਊਰਟੀ ਗਾਰਡ |
| ਬੀਬੀ ਅਮਨਦੀਪ ਕੌਰ | ਸੇਵਾਦਾਰਨੀ |
| ਬੀਬੀ ਅਮਨਦੀਪ ਕੌਰ | ਹੈਲਪਰ |
| ਬੀਬੀ ਕਿਰਨਜੀਤ ਕੌਰ | ਲਾਇਬਰੇਰੀ ਅਟੈਂਡੈਂਟ |
| ਬੀਬੀ ਕੁਲਵਿੰਦਰ ਕੌਰ | ਸਫਾਈ ਕਰਮਚਾਰੀ |
| ਬੀਬੀ ਮਨਜੀਤ ਕੌਰ | ਸਫਾਈ ਕਰਮਚਾਰੀ |
| ਬੀਬੀ ਸਰਬਜੀਤ ਕੌਰ | ਸਫਾਈ ਕਰਮਚਾਰੀ |
| ਨਰਿੰਦਰ ਸਿੰਘ | ਸਕਿਊਰਟੀ ਗਾਰਡ |
| ਗੁਰਮੇਲ ਸਿੰਘ | ਸਫਾਈ ਸੇਵਕ |
| ਸੁਖਦੀਪ ਕੌਰ | ਹੈਲਪਰ |



# Societies and Club

## Major Duties

| | | |
|---|---|---|
| 1. | BURSAR | Prof. Harpinder Kaur |
| 2. | Admission In-Charge | Prof. Jagdeep Kaur |
| 3. | Fee Committee In-Charge | Prof. Jagdeep Kaur |
| 4. | Registrar | Dr. Harmandeep Kaur |
| 5. | IQAC co-ordinator/NAAC | Prof. Jagdeep Kaur |
| 6. | Academic In-Charge | Prof. Harpinder Kaur |
| 7. | Centre for community Service | Dr. Ramanpreet Kaur |
| 8. | Feedback Analysis committee | Prof. Jagdeep Kaur<br>Prof. Harpinder Kaur<br>Prof. Ramandeep Kaur (School) |

## Societies and Clubs

| | | |
|---|---|---|
| 9. | Grievance/Redressal | Dr.Ramanpreet Kaur |
| 10. | Anti-Ragging Cell I/C | Prof.Harpinder Kaur |
| 11. | Alumni | Prof.Jagdeep Kaur |
| 12. | ECA I/C | Dr.Simarjit Kaur |
| 13. | Scholarships | Prof.Jagdeep Kaur |
| 14. | Earn by Learn Project | Prof.Lakhveer Kaur |
| 15. | Placement Cell | Dr.Amandeep Kaur |
| 16. | AICTE Nodel Officer | Dr.Amandeep Kaur |
| 17. | NSS POs | Dr.Ramanpreet Kaur |
| 18. | ਪ੍ਰੋ.ਪੂਰਨ ਸਿੰਘ ਪੰਜਾਬੀ ਸਾਹਿਤ ਸਭਾ | Dr.Harmandeep Kaur |
| 19. | Red Ribbon Club(NSS) | Prof.Lakhveer Kaur |
| 20. | Youth Club (NSS) | Prof.Maninder Kaur |
| 21 | Rabindernath Tagore Literary Club | Prof.Gagandeep Kaur |
| 22. | Electoral Literacy Club (NSS) | Dept.Of Political Science |
| 23. | ਗੁਰਮਤਿ ਵਿਚਾਰ ਕੇਂਦਰ | S.Arshdeep Singh |
| 24. | Eco Club (NSS) | Dept.Of Zoology |
| 25. | Sher-e-Punjab Club | Dr.Ramanpreet Kaur |
| 26. | Handicraft Club | Prof.Jinkpreet kaur |
| 27. | I-Tech Club | Dr.Amandeep Kaur |
| 28. | Commercia | Prof.Lakhveer Kaur |
| 29. | Newton Club | Prof.Harpinder Kaur |
| 30 | S.Milkha Singh Sports Club | Prof.Sushma Rani |

# ਕਾਲਜ ਕੈਂਪਸ

ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਦਾ ਕੈਂਪਸ 11.5 ਏਕੜ ਦੇ ਹਰੇ ਭਰੇ ਚੌਗਿਰਦੇ ਵਿੱਚ ਫੈਲਿਆ ਹੋਇਆ ਹੈ। ਇਸ ਦਾ ਸ਼ਾਂਤਮਈ ਅਤੇ ਰਮਣੀਕ ਚੌਗਿਰਦਾ ਸਾਰਿਆਂ ਅੰਦਰ ਸਿੱਖਣ, ਸਖ਼ਤ ਮਿਹਨਤ ਕਰਨ ਅਤੇ ਅੱਗੇ ਵਧਣ ਦੀ ਲਗਨ ਭਰਦਾ ਹੈ। ਇਹ ਵਿਦਿਆਰਥੀਆਂ ਨੂੰ ਸਿਰਫ਼ ਪੜ੍ਹਾਈ ਹੀ ਨਹੀਂ ਸਗੋਂ ਸਹਿ ਵਿਦਿਅਕ ਗਤੀਵਿਧੀਆਂ ਅਤੇ ਸਰਗਰਮੀਆਂ ਵਿੱਚ ਭਾਗ ਲੈਣ ਲਈ ਵੀ ਪ੍ਰੇਰਿਤ ਕਰਦਾ ਹੈ। ਇਹ ਸੰਸਥਾ ਆਪਣੇ ਵਿਦਿਆਰਥੀਆਂ ਨੂੰ ਸਿਰਫ਼ ਵਿਦਿਅਕ ਗਿਆਨ ਨਾਲ ਹੀ ਨਹੀਂ ਭਰਪੂਰ ਕਰਦੀ, ਸਗੋਂ ਉਹਨਾਂ ਦੀ ਬਹੁ ਪੱਖੀ ਸ਼ਖ਼ਸੀਅਤ ਦੀ ਉਸਾਰੀ ਕਰਦੀ ਹੋਈ ਉਹਨਾਂ ਅੰਦਰ ਆਤਮ ਵਿਸ਼ਵਾਸ, ਆਤਮ ਅਨੁਸ਼ਾਸਨ ਤੇ ਉੱਤਮਤਾ ਦੀ ਖੋਜ ਲਈ ਉਤਸ਼ਾਹ ਵੀ ਪੈਦਾ ਕਰਦੀ ਹੈ। ਇਹ ਵਿਦਿਆਰਥੀਆਂ ਨੂੰ ਬਹੁ-ਪਾਸਾਰੀ ਵਿਸ਼ਵੀ ਚੁਣੌਤੀਆਂ ਦਾ ਮੁਕਾਬਲਾ ਕਰਨ ਅਤੇ ਰੁਜ਼ਗਾਰ ਦੇ ਕਾਬਲ ਬਣਾਉਂਦੀ ਹੈ।

ਇਸ ਦੇ 'ਸਟੇਟ ਆਫ਼ ਦਾ ਆਰਟ ਕੈਂਪਸ' ਵਿੱਚ ਵਿਦਿਆਰਥੀਆਂ ਨੂੰ ਗਿਆਨਵਾਨ, ਸੂਝਵਾਨ ਅਤੇ ਰੁਜ਼ਗਾਰਮਈ ਬਣਾਉਣ ਲਈ ਹੇਠ ਲਿਖੀਆਂ ਸਹੂਲਤਾਂ ਉਪਲਬਧ ਕਰਾਈਆਂ ਜਾ ਰਹੀਆਂ ਹਨ:

- ਫੈਸ਼ਨ ਟੈਕਨੌਲੋਜੀ ਲੈਬ
- ਕੈਫ਼ੇਟੇਰੀਆ
- ਸਟਾਫ਼ ਰੂਮਜ਼
- ਮੈਡੀਕਲ ਰੂਮ
- ਕੈਮਿਸਟਰੀ ਲੈਬ
- ਬੌਟੈਨੀਕਲ ਗਾਰਡਨ
- ਸਮਾਰਟ ਕਲਾਸ ਰੂਮ
- ਖੇਡ ਮੈਦਾਨ/ਸਟੇਡੀਅਮ
- ਕੰਪਿਊਟਰ ਲੈਬ
- E.C.A. ਵਿਭਾਗ
- ਕਮਿਊਨਿਟੀ ਸਰਵਿਸ ਸੈਂਟਰ
- ਵਿਭਾਗੀ ਕਮਰੇ
- ਐਨ.ਐਸ.ਐਸ. ਵਿਭਾਗ
- ਵਿਦਿਆਰਥੀ ਕਾਊਂਸਲਿੰਗ/ਗਾਈਡੈਂਸ ਸੈੱਲ
- ਲਾਇਬਰੇਰੀ
- ਬਾਇਓ ਲੈਬ
- ਫ਼ਿਜ਼ਿਕਸ ਲੈਬ
- I.C.T. ਲੈਬ
- Earn by Learn Project

## ਸਰਵਪੱਖੀ ਵਿਕਾਸ ਲਈ ਸਭਾਵਾਂ

ਕਾਲਜ ਵਿੱਚ ਸਥਾਪਿਤ ਵਿਸ਼ੇ ਸਭਾਵਾਂ ਦੁਆਰਾ ਸੈਮੀਨਾਰ, ਪ੍ਰਸਿੱਧ ਵਿਦਵਾਨਾਂ ਦੇ ਲੈਕਚਰ, ਬਹਿਸ, ਸੰਗੀਤ, ਕਾਵਿ ਉਚਾਰਣ, ਭਾਸ਼ਣ ਪ੍ਰਤੀਯੋਗਤਾ, ਨਾਟਕ ਦੇ ਮੁਕਾਬਲੇ, ਵਿਗਿਆਨ ਮੇਲੇ, ਨੁਮਾਇਸ਼ਾਂ, ਟੂਰਨਾਮੈਂਟ ਤੇ ਵਿਦਿਅਕ ਯਾਤਰਾਵਾਂ ਦਾ ਵਿਦਿਆਰਥੀ ਵਰਗ ਦੇ ਸਰਵਪੱਖੀ ਵਿਕਾਸ ਲਈ ਪ੍ਰਬੰਧ ਕੀਤਾ ਜਾਵੇਗਾ। ਕਾਲਜ ਵਿੱਚ ਹੇਠ ਲਿਖੀਆਂ ਸਭਾਵਾਂ ਅਤੇ ਸੰਗਠਨ ਸਥਾਪਿਤ ਕੀਤੇ ਗਏ ਹਨ:

1. ਗੁਰਮਤਿ ਵਿਚਾਰ ਕੇਂਦਰ
2. ਪ੍ਰੋ. ਪੂਰਨ ਸਿੰਘ ਪੰਜਾਬੀ ਸਾਹਿਤ ਸਭਾ
3. ਯੂਥ ਵੈਲਫੇਅਰ ਕਲੱਬ
4. Eco Club ( N.S.S.)
5. IQAC(Internal Quality Assurance Cell)
6. Red Ribbon Club
7. ਰਬਿੰਦਰਨਾਥ ਟੈਗੋਰ ਲਿਟਰੇਰੀ ਕਲੱਬ
8. ਪਲੇਸਮੈਂਟ ਐਂਡ ਗਾਈਡੈਂਸ ਸੈੱਲ
9. ਐਂਟੀ ਰੈਗਿੰਗ ਸੈੱਲ
10. ਸ. ਮਿਲਖਾ ਸਿੰਘ ਸਪੋਰਟਸ ਕਲੱਬ
11. ਸ਼ੇਰ-ਏ-ਪੰਜਾਬ ਕਲੱਬ (ਸੋਸ਼ਲ ਸਾਇੰਸਿਜ਼ ਵਿਭਾਗ)
12. ਐਲੂਮਨੀ (ਪੁਰਾਣੇ ਵਿਦਿਆਰਥੀ ਸੰਸਥਾ)
13. Handi Craft Club
14. I-Tech Club
15. Commercia
16. Newton Club
17. Electoral Literacy Club (NSS)
18. 'ਇਕ ਵਿਦਿਆਰਥੀ ਇਕ ਕਿਤਾਬ' (ਬੁੱਕ ਬੈਂਕ ਲਾਇਬਰੇਰੀ)

## ਦਾਖ਼ਲੇ ਲਈ ਜ਼ਰੂਰੀ ਨਿਯਮ

1. ਦਾਖ਼ਲੇ ਲਈ ਅਰਜ਼ੀ ਕੇਵਲ ਪ੍ਰਾਸਪੈਕਟਸ ਨਾਲ ਲੱਗੇ ਫ਼ਾਰਮ 'ਤੇ ਹੀ ਦਿੱਤੀ ਜਾ ਸਕਦੀ ਹੈ ਜੋ ਕਿ ਕਾਲਜ ਦਫ਼ਤਰ ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ।
2. ਦਾਖ਼ਲਾ ਫ਼ਾਰਮ ਸਾਫ਼-ਸੁਥਰਾ ਭਰਿਆ ਹੋਇਆ ਅਤੇ ਕਟਿੰਗ ਰਹਿਤ ਹੋਣਾ ਚਾਹੀਦਾ ਹੈ ਅਤੇ ਉਸ ਨਾਲ ਹੇਠ ਦਿੱਤੇ ਸਰਟੀਫ਼ਿਕੇਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਵੀ ਨੱਥੀ ਹੋਣੀਆਂ ਚਾਹੀਦੀਆਂ ਹਨ:-
   - ਪਿਛਲੀ ਪ੍ਰੀਖਿਆ ਪਾਸ ਕਰਨ ਦਾ ਯੂਨੀਵਰਸਿਟੀ/ਬੋਰਡ ਦਾ ਸਰਟੀਫ਼ਿਕੇਟ।
   - ਪਿਛਲੀ ਸੰਸਥਾ/ਸਕੂਲ ਵੱਲੋਂ ਦਿੱਤਾ ਗਿਆ ਆਚਰਣ ਸਰਟੀਫ਼ਿਕੇਟ (ਅਸਲ)।
   - ਅਨੁਸੂਚਿਤ ਜਾਤੀਆਂ ਜਾਂ ਪੱਛੜੀਆਂ ਸ਼੍ਰੇਣੀਆਂ ਦਾ ਸਰਟੀਫ਼ਿਕੇਟ
   - ਕਿਸੇ ਦੂਜੇ ਯੂਨੀਵਰਸਿਟੀ/ਬੋਰਡ ਜਾਂ ਕਾਲਜ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਜਾਂ ਕਾਲਜ ਦਾ ਪ੍ਰਵਾਸ/ਮਾਈਗ੍ਰੇਸ਼ਨ ਸਰਟੀਫ਼ਿਕੇਟ (ਅਸਲ)।
   - ਅੰਤਰਾਲ(ਗੈਪ) ਸਾਲਾਂ ਸੰਬੰਧੀ ਲਿਖਤੀ ਵੇਰਵੇ ਫ਼ਾਰਮ 'ਤੇ ਸਪਸ਼ਟ ਤੌਰ ਤੇ ਦਿੱਤੇ ਜਾਣ ਅਤੇ ਇਸ ਸੰਬੰਧੀ ਹਲਫ਼ੀਆ ਬਿਆਨ ਦਿੱਤਾ ਜਾਵੇ (ਅਸਲ)।
   - ਆਧਾਰ ਕਾਰਡ।

3. ਪੰਜਾਬ ਸਕੂਲ ਸਿੱਖਿਆ ਬੋਰਡ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਲਾਵਾ ਕਿਸੇ ਬਾਹਰਲੇ ਬੋਰਡ ਅਤੇ ਯੂਨੀਵਰਸਿਟੀ ਦੀ ਪਾਸ ਕੀਤੀ ਪਿਛਲੀ ਕਲਾਸ ਦਾ ਅਸਲ ਸਰਟੀਫ਼ਿਕੇਟ।
4. ਕਾਲਜ ਵਿੱਚ ਦਾਖ਼ਲਾ ਮੈਰਿਟ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਬਿਨ੍ਹਾਂ ਕੋਈ ਕਾਰਨ ਦੱਸਿਆਂ ਦਾਖ਼ਲੇ ਦੀ ਮਨਾਹੀ ਕੀਤੀ ਜਾ ਸਕਦੀ ਹੈ।
5. 10ਵੀਂ , 10+2 , ਵਿੱਚੋਂ ਰੀਅਪੀਅਰ ਵਾਲੇ ਵਿਦਿਆਰਥੀ ਪਾਸ ਹੋ ਜਾਣ ਦੀ ਸੂਰਤ ਵਿੱਚ ਇਸ ਦੀ ਸੂਚਨਾ ਦਫ਼ਤਰ ਨੂੰ ਤੁਰੰਤ ਦੇਣ।
6. ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਚੱਲ ਰਹੇ ਸਾਰੇ ਗ੍ਰੈਜੂਏਸ਼ਨ/ਪੋਸਟ ਗ੍ਰੈਜੂਏਸ਼ਨ ਕੋਰਸਾਂ ਦੇ ਭਾਗ ਪਹਿਲਾ ਵਿੱਚ ਦਾਖ਼ਲਾ ਲੈਣ ਵਾਲੇ ਹਰ ਵਿਦਿਆਰਥੀ ਨੂੰ ਦਾਖ਼ਲੇ ਉਪਰੰਤ ਇੱਕ ਮਹੀਨੇ ਦੇ ਅੰਦਰ-ਅੰਦਰ ਆਪਣਾ ਅਸਲ ਨੰਬਰ ਕਾਰਡ ਅਤੇ ਮਾਈਗਰੇਸ਼ਨ ਸਰਟੀਫਿਕੇਟ ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਾਉਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਦੁਆਰਾ ਲੇਟ ਫੀਸ ਲਈ ਜਾਂਦੀ ਹੈ, ਜਿਸ ਲਈ ਵਿਦਿਆਰਥੀ ਖ਼ੁਦ ਜ਼ਿੰਮੇਵਾਰ ਹੋਵੇਗਾ।
7. ਜਿਨ੍ਹਾਂ ਵਿਦਿਆਰਥੀਆਂ ਨੇ 10ਵੀਂ , 10+2, ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ , ਬੋਰਡ ਆਫ਼ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ਼ ਸਕੂਲ ਐਜੂਕੇਸ਼ਨ, ਸੀ.ਬੀ.ਐਸ.ਸੀ.ਬੋਰਡ ਅਤੇ ਆਈ.ਸੀ.ਐਸ.ਈ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਬਰਾਂਚ 'ਤੇ ਪਾਤਰਤਾ/ਯੋਗਤਾ ਸਰਟੀਫਿਕੇਟ ਪੇਸ਼ ਕਰਨਾ ਲਾਜ਼ਮੀ ਹੋਵੇਗਾ।
8. ਦਸਵੀਂ ਪਾਸ ਵਿਦਿਆਰਥੀ +1, ਮੈਡੀਕਲ, ਨਾਨ ਮੈਡੀਕਲ, ਕਾਮਰਸ ਤੇ ਆਰਟਸ ਵਿੱਚ ਦਾਖ਼ਲਾ ਲੈ ਸਕਦੇ ਹਨ।
9. ਮਾਈਗ੍ਰੇਸ਼ਨ:-ਹੋਰਨਾਂ ਯੂਨੀਵਰਸਿਟੀਆਂ ਤੋਂ ਮਾਈਗ੍ਰੇਸ਼ਨ ਕਰਵਾ ਕੇ ਆਉਣ ਵਾਲੇ ਵਿਦਿਆਰਥੀਆਂ ਲਈ ਦਾਖ਼ਲੇ ਸਮੇਂ ਪਿਛਲੀ ਯੂਨੀਵਰਸਿਟੀ ਤੋਂ ਪ੍ਰਾਪਤ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।
10. ਸੀਟਾਂ ਦਾ ਰਾਖਵਾਂਕਰਨ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਹੋਵੇਗਾ।
11. ਪ੍ਰਿੰਸੀਪਲ ਸਾਹਿਬ ਆਪਣੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਦੇ ਹੋਏ ਕਿਸੇ ਵੀ ਵਿਦਿਆਰਥੀ ਨੂੰ ਦਾਖ਼ਲੇ ਤੋਂ ਮਨ੍ਹਾਂ ਜਾਂ ਦਾਖ਼ਲ ਹੋਏ ਕਿਸੇ ਵੀ ਵਿਦਿਆਰਥੀ ਦਾ ਦਾਖ਼ਲਾ ਖਾਰਜ ਕਰ ਸਕਦੇ ਹਨ।
12. ਸਾਰੀਆਂ ਕਲਾਸਾਂ ਨਾਲ ਸੰਬੰਧਿਤ ਦਾਖ਼ਲੇ ਦੀਆਂ ਉਪਰੋਕਤ ਸ਼ਰਤਾਂ ਤੋਂ ਬਿਨਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਰਕਾਰ ਵੱਲੋਂ ਲਾਈਆਂ ਹੋਰ ਸ਼ਰਤਾਂ ਲਾਗੂ ਹੋਣਗੀਆਂ।

**(ੳ) ਮੱਧ ਮਿਆਦ ਇਮਤਿਹਾਨ ਦੀਆਂ ਸ਼ਰਤਾਂ:**

10+1, 10+2, ਕਲਾਸ ਦੇ ਘਰੇਲੂ ਇਮਤਿਹਾਨ ਪ੍ਰੀ-ਬੋਰਡ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਤ ਮਿਤੀਆਂ ਅਨੁਸਾਰ ਹੋਣਗੇ।

❖ ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਨਿਯਮਾਂ ਅਨੁਸਾਰ ਕਾਲਜ ਵਿੱਚ ਮੱਧ ਮਿਆਦ ਇਮਤਿਹਾਨ ਲਏ ਜਾਂਦੇ ਹਨ। ਯੂਨੀਵਰਸਿਟੀ ਪ੍ਰੀਖਿਆ ਦੀ ਪਾਤਰਤਾ ਲਈ ਸਾਰੇ ਵਿਦਿਆਰਥੀਆਂ ਦਾ ਇਹਨਾਂ ਇਮਤਿਹਾਨਾਂ ਵਿੱਚ ਬੈਠਣਾ ਜ਼ਰੂਰੀ ਹੈ।

**ਉਪਰੋਕਤ ਸੰਬੰਧੀ ਸ਼ਰਤਾਂ ਹੇਠ ਲਿਖੀਆਂ ਹਨ:-**

- ਇਸ ਪ੍ਰੀਖਿਆ ਵਿੱਚ ਹਰੇਕ ਵਿਦਿਆਰਥੀ ਲਈ ਹਰੇਕ ਵਿਸ਼ੇ ਵਿੱਚੋਂ 25% ਅੰਕ ਅਤੇ ਕੁੱਲ ਅੰਕਾਂ ਵਿੱਚੋਂ 33% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।
- ਜੋ ਵਿਦਿਆਰਥੀ ਬਿਨਾਂ ਕਿਸੇ ਕਾਰਨ ਕਰਕੇ ਅਗਾਊਂ ਆਗਿਆ ਤੋਂ ਬਿਨਾਂ ਇਸ ਇਮਤਿਹਾਨ ਵਿੱਚ ਨਹੀਂ ਬੈਠਦਾ ਤਾਂ ਉਸਦਾ ਸਪੈਸ਼ਲ ਇਮਤਿਹਾਨ ਨਹੀਂ ਲਿਆ ਜਾਵੇਗਾ।
- ਜ਼ਰੂਰੀ ਕਾਰਨਾਂ ਕਰਕੇ ਇਸ ਇਮਤਿਹਾਨ ਵਿੱਚ ਨਾ ਬੈਠ ਸਕਣ ਜਾਂ ਫ਼ੇਲ੍ਹ ਹੋਣ ਦੀ ਸੂਰਤ ਵਿੱਚ ਵਿਸ਼ੇਸ਼ ਇਮਤਿਹਾਨ ਦਾ ਮੌਕਾ ਦੇਣ ਦਾ ਅਧਿਕਾਰ ਸਿਰਫ਼ ਪ੍ਰਿੰਸੀਪਲ ਕੋਲ ਹੋਵੇਗਾ।

**(ਅ) ਪੰਜਾਬੀ ਯੂਨੀਵਰਸਿਟੀ ਦੇ ਹਾਜ਼ਰੀਆਂ ਸਬੰਧੀ ਪੱਤਰ ਨੰਬਰ: 3882-3931/ਓ.ਐਸ. (ਕਾਲਜਾਂ) ਮਿਤੀ 13-12-95 ਅਨੁਸਾਰ ਹਰ ਵਿਦਿਆਰਥੀ ਨੂੰ ਹਰ ਪੇਪਰ ਵਿੱਚ ਦਿੱਤੇ ਗਏ ਲੈਕਚਰਾਂ ਵਿਚੋਂ 75% ਹਾਜ਼ਰੀਆਂ (ਥਿਊਰੀ ਅਤੇ ਪ੍ਰੈਕਟੀਕਲ ਕਲਾਸਾਂ) ਲਗਾਉਣੀਆਂ ਜ਼ਰੂਰੀ ਹੋਣਗੀਆਂ। 10+1 ਅਤੇ 10+2 ਦੇ ਵਿਦਿਆਰਥੀਆਂ ਲਈ 85% ਹਾਜ਼ਰੀ ਲਾਜ਼ਮੀ ਹੈ।**

**(ੲ) ਘਰੇਲੂ/ਮੱਧ ਮਿਆਦ ਪ੍ਰੀਖਿਆ ਅਤੇ ਹਾਜ਼ਰੀ ਸਬੰਧੀ ਯੂਨੀਵਰਸਿਟੀ/ਬੋਰਡ ਦੁਆਰਾ ਨਿਰਧਾਰਤ ਕਿਸੇ ਵੀ ਸ਼ਰਤ ਨੂੰ ਪੂਰਾ ਨਾ ਕਰ ਸਕਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਯੂਨੀਵਰਸਿਟੀ/ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਦੇਣ ਤੋਂ ਵੰਚਿਤ (Detain)ਕਰ ਦਿੱਤਾ ਜਾਵੇਗਾ।**

13. ਨਿਯਮਾਂ ਦੀ ਵਿਆਖਿਆ/ਸਪੱਸ਼ਟਤਾ ਜਾਂ ਸੋਧ ਦਾ ਅਧਿਕਾਰ ਕੇਵਲ ਕਾਲਜ ਪ੍ਰਿੰਸੀਪਲ ਨੂੰ ਹੀ ਹੋਵੇਗਾ।

## ਵਿਦਿਆਰਥੀਆਂ ਲਈ ਜ਼ਰੂਰੀ ਹਦਾਇਤਾਂ

1. ਕਾਲਜ ਕੈਂਪਸ ਵਿੱਚ ਹਰ ਇੱਕ ਵਿਦਿਆਰਥੀ ਕੋਲ ਸ਼ਨਾਖ਼ਤੀ ਕਾਰਡ+ਵਹੀਕਲ ਪ੍ਰੋਫਾਰਮਾ+ਟਾਈਮ ਟੇਬਲ ਹੋਣਾ ਲਾਜ਼ਮੀ ਹੈ।
2. ਵਿਦਿਆਰਥੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਸਾਦਗੀ ਨੂੰ ਆਪਣਾ ਆਦਰਸ਼ ਬਣਾਉਂਦੇ ਹੋਏ ਕਾਲਜ ਵਿੱਚ ਢੁਕਵਾਂ ਪਹਿਰਾਵਾ ਪਾ ਕੇ ਆਉਣਗੇ। ਸਿੱਖ ਵਿਦਿਆਰਥੀਆਂ ਲਈ ਪੱਗ ਬੰਨ੍ਹਣੀ ਲਾਜ਼ਮੀ ਹੈ। ਕਾਲਜ ਵਿੱਚ ਪਟਕਾ ਬੰਨ੍ਹ ਕੇ/ਟੋਪੀ ਪਾ ਕੇ/ਗੌਗਲਜ਼ ਲਾ ਕੇ ਆਉਣ ਦੀ ਸਖਤ ਮਨਾਹੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
3. ਕਾਲਜ ਵਿੱਚ ਕਿਸੇ ਵੀ ਤਰ੍ਹਾਂ ਦੇ ਨਸ਼ੇ ਦਾ ਸੇਵਨ ਕਰਨਾ ਸਖ਼ਤ ਮਨ੍ਹਾਂ ਹੈ।
4. ਕਲਾਸ ਅੰਦਰ ਮੋਬਾਇਲ ਫੋਨ ਦੀ ਵਰਤੋਂ ਦੀ ਸਖ਼ਤ ਮਨਾਹੀ ਹੈ।ਮੋਬਾਇਲ ਦੀ ਵਰਤੋਂ ਕਰਦਿਆਂ ਫੜੇ ਜਾਣ 'ਤੇ ਮੋਬਾਇਲ ਫੋਨ ਜ਼ਬਤ ਕਰਕੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
5. ਵਿਦਿਆਰਥੀ ਹਰ ਰੋਜ਼ ਨੋਟਿਸ ਬੋਰਡ 'ਤੇ ਲੱਗੇ ਨੋਟਿਸ ਅਤੇ ਕਲਾਸ ਗਰੁੱਪ ਵਿੱਚ ਭੇਜੇ ਗਏ ਨੋਟਿਸ ਅਤੇ ਮੈਸੇਜ ਜ਼ਰੂਰ ਪੜ੍ਹਨ।
6. ਕਾਲਜ ਕੈਂਪਸ ਨੂੰ ਸਾਫ਼-ਸੁਥਰਾ ਰੱਖਣਾ ਵਿਦਿਆਰਥੀਆਂ ਦੀ ਨੈਤਿਕ ਜ਼ਿੰਮੇਵਾਰੀ ਹੈ।
7. ਕਾਲਜ ਦੀ ਸੰਪਤੀ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਪਹੁੰਚਾਉਣ ਵਾਲੇ ਵਿਦਿਆਰਥੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।
8. ਉਹ ਵਿਦਿਆਰਥੀ ਜਿਹੜੇ ਅਨੁਸ਼ਾਸਨਹੀਣਤਾ, ਅਨੈਤਿਕਤਾ , ਸਮਾਜ ਵਿਰੋਧੀ ਕੰਮ, ਦੁਰਵਿਹਾਰ ਲਈ ਦੋਸ਼ੀ ਪਾਏ ਜਾਣਗੇ ਉਹਨਾਂ ਵਿਰੁੱਧ ਕਾਲਜ ਨਿਯਮਾਂ ਮੁਤਾਬਿਕ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
9. ਕਾਲਜ ਵਿੱਚ ਦਾਖ਼ਲ ਵਿਦਿਆਰਥੀਆਂ ਤੋਂ ਇਲਾਵਾ ਕਿਸੇ ਵੀ ਹੋਰ ਵਿਅਕਤੀ ਦੇ ਬਿਨ੍ਹਾਂ ਆਗਿਆ ਕਾਲਜ ਵਿੱਚ ਆਉਣ ਦੀ ਪੂਰੀ ਤਰ੍ਹਾਂ ਮਨਾਹੀ ਹੈ।ਅਤਿ ਜ਼ਰੂਰੀ ਹਾਲਾਤਾਂ ਵਿੱਚ ਵੀ ਕੇਵਲ ਲੜਕੇ/ਲੜਕੀ ਦੇ ਪਿਤਾ/ਮਾਤਾ ਜਾਂ ਸਕੇ ਭੈਣ-ਭਰਾ ਨੂੰ ਹੀ ਕਾਲਜ ਵਿੱਚ ਆ ਕੇ ਮਿਲਣ ਦੀ ਆਗਿਆ ਹੋਵੇਗੀ। ਕਿਸੇ ਵੀ ਸੰਸਥਾ ਤੋਂ ਬਾਹਰਲੇ ਵਿਦਿਆਰਥੀ ਨੂੰ ਕਾਲਜ ਵਿੱਚ ਨਾਲ ਲਿਆਉਣ ਵਾਲੇ ਵਿਦਿਆਰਥੀ ਵਿਰੁੱਧ ਤੁਰੰਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
10. ਵਿਦਿਆਰਥੀਆਂ ਦੇ ਮਾਪਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਦੇ ਹਿੱਤ ਲਈ ਸਮੇਂ-ਸਮੇਂ ਪ੍ਰਿੰਸੀਪਲ ਸਾਹਿਬ ਜਾਂ ਅਧਿਆਪਕ ਸਾਹਿਬਾਨ ਨਾਲ ਸੰਪਰਕ ਬਣਾਈ ਰੱਖਣ।ਆਪਣੇ ਬੱਚਿਆਂ ਦੇ ਲੈਕਚਰ, ਇਮਤਿਹਾਨ ਅਤੇ ਆਚਰਨ ਸੰਬੰਧੀ ਕੁੱਲ ਵੇਰਵੇ ਕਾਲਜ ਦਫ਼ਤਰ ਤੋਂ ਮਹੀਨੇ ਦੇ ਕਿਸੇ ਵੀ ਸ਼ਨੀਵਾਰ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਪ੍ਰਾਪਤ ਕਰ ਸਕਦੇ ਹਨ।
11. ਝੂਠਾ ਜਾਂ ਗਲਤ ਬਿਆਨ/ਸਰਟੀਫਿਕੇਟ ਦੇ ਕੇ ਦਾਖ਼ਲਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾ ਦਾਖ਼ਲਾ ਪਤਾ ਲੱਗਣ 'ਤੇ ਵਿੱਦਿਅਕ ਸੈਸ਼ਨ ਦੌਰਾਨ ਉਸੇ ਸਮੇਂ ਰੱਦ ਕਰ ਦਿੱਤਾ ਜਾਵੇਗਾ ਅਤੇ ਫੀਸ, ਫੰਡ ਆਦਿ ਵਾਪਸ ਨਹੀਂ ਕੀਤੇ ਜਾਣਗੇ।
12. ਸਾਰੇ ਵਿਦਿਆਰਥੀਆਂ ਲਈ ਕਾਲਜ ਵੱਲੋਂ ਰੱਖੇ ਗਏ ਇਮਤਿਹਾਨਾਂ ਵਿੱਚ ਬੈਠਣਾ ਜ਼ਰੂਰੀ ਹੈ।ਬਿਨਾਂ ਆਗਿਆ ਤੋਂ ਇਮਤਿਹਾਨ ਵਿੱਚੋਂ ਗੈਰ ਹਾਜ਼ਰ ਵਿਦਿਆਰਥੀ ਨੂੰ 200 ਰੁਪਏ ਪ੍ਰਤੀ ਵਿਸ਼ਾ ਜੁਰਮਾਨਾ ਕੀਤਾ ਜਾਵੇਗਾ।ਵਿਦਿਆਰਥੀ ਨੂੰ ਵਿਸ਼ੇਸ਼ ਪ੍ਰੀਖਿਆ ਦੇਣ ਲਈ 500 ਰੁਪਏ ਫੀਸ ਦੇਣੀ ਪਵੇਗੀ।
13. ਦਾਖ਼ਲਾ ਲੈਣ ਸਮੇਂ ਵਿਦਿਆਰਥੀਆਂ ਵੱਲੋਂ ਦਿੱਤੀ ਗਈ ਮੋੜਨ-ਯੋਗ ਸਕਿਉਰਟੀ ਕਾਲਜ ਛੱਡਣ ਵਾਲੇ ਸੈਸ਼ਨ ਵਿੱਚ 31 ਦਸੰਬਰ ਤੱਕ ਅਰਜ਼ੀ ਦੇ ਕੇ ਵਾਪਸ ਲਈ ਜਾ ਸਕੇਗੀ। 31 ਦਸੰਬਰ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
14. ਰੈਗਿੰਗ 'ਤੇ ਪੂਰਨ ਪਾਬੰਦੀ ਹੈ।ਇਸ ਸੰਦਰਭ ਵਿੱਚ ਯੂ.ਜੀ.ਸੀ. ਨਵੀਂ ਦਿੱਲੀ ਦੇ ਪੱਤਰ ਨੰ.ਐਫ-1-21-2009(ਐਂਟੀ ਰੈਗਿੰਗ) ਅਨੁਸਾਰ ਕਾਲਜ ਵਿੱਚ ਦਾਖ਼ਲ ਹੋਣ ਵਾਲੇ ਹਰੇਕ ਵਿਦਿਆਰਥੀ ਅਤੇ ਉਸ ਦੇ ਮਾਤਾ-ਪਿਤਾ ਨੂੰ ਨਿਰਧਾਰਿਤ ਪ੍ਰੋਫਾਰਮੇ ਤੇ ਸਵੈ-ਘੋਸ਼ਣਾ ਪੱਤਰ ਦੇਣਾ ਲਾਜ਼ਮੀ ਹੈ।
15. ਚਾਰ ਪਹੀਆ ਵਾਹਨ ਲਿਆਉਣ ਦੀ ਸਖ਼ਤ ਮਨਾਹੀ ਹੈ।ਦੋ ਪਹੀਆ ਵਾਹਨਾਂ ਦੀ ਸ਼ਨਾਖ਼ਤੀ ਕਾਰਡ ਵਿੱਚ ਜਾਣਕਾਰੀ ਦਰਜ ਹੋਣੀ ਜ਼ਰੂਰੀ ਹੈ।

# Rule Regulations For Prevention and Prohibition of Ragging

UGC vide it's notification number F1-16/ 2009 (CPP-II), AICTE, vide its notification no.37-3/Legal/AICTE/2009 dated 25-03-2009 has taken a very serious view of ragging incidences in education institutions and on Directions of the hon'ble Supreme Court of India vide its order dated 16.5.2007 has ordered strict implementation of following rules I regulation for Prevention and prohibition of Ragging in educational institutions

## Various Types of ragging

The hon'ble Supreme Courts has, inter-alia, mentioned the following types of ragging:-

1. Ragging has several aspects with, among others psychological social political economic cultural and academic dimensions
2. Any act that prevents, disrupts or disturbs the regular academic activity of a student should be considered with in the academic related aspect of ragging, similarly exploiting the services of junior students for completing the academic tasks assigned to an individual or a group of seniors is also an aspect of academics related ragging prevalent in many institutions particularly in the technical institutions.
3. Any act of financial extortion or forceful expenditure Burden put on a junior student by senior students should not be considered an aspect of ragging for ragging economic dimensions.
4. Any act of physical abuse including all variants of its :sexual abuse, homosexual assault, stripping forcing obscene and lewd acts, gestured, causing bodily harm or any other danger to health or person can be put in the category of ragging with criminal dimensions.
5. Any act or abuse by spoken words, email, snail-mails, blogs, public insults should be considered with in psychological aspects of ragging. This aspects would also include deriving perverted pleasure vicarious or sadistic thrill from actively or passively participating in the discomfiture to others the absence of preparing 'fresher' in the run up to their admission to higher education and life in hostels also can be ascribed as psychological aspect of ragging coping skills in interaction with seniors or strangers can be imparted by parents as well. Any act that affects the mental health and self-confidence of students also can be described in terms of the psychological aspect of ragging.
6. The human rights perspective of ragging involves the injury caused to the fundamental right to human dignity through humiliation heaped on junior students by seniors; often resulting in the extreme step of suicide by the victims.

## Actions to be taken against students for indulging and abetting in education institutions, Universities including Deemed to be University imparting education:-

1. The punishment to be meted out to the persons indulged in ragging has to be exemplary and justifiable harsh to act as deterrent against recurrence of such incidents. The students who are found to be indulged in ragging should be debarred from taking admission in any educational institution in India.

2. Every single incident of ragging a First Information Report (FIR) must be filed without exception by the institutional authorities with the local police authorities.
3. Depending upon the nature and gravity of the offence as established by the Anti-Ragging Committee of it i.e. institution, the possible punishments for those found guilty of ragging at the institution level shall be a ly one or any combination of the following.
    - Cancellation of admission
    - Suspension from attending classes
    - Withholding/withdrawing scholarship and other benefits
    - Debarring from appearing in any test/examination or other evaluation process
    - Withholding results
    - Debarring from representing the institution in any regional, national or international meet, tournament, youth festival, etc.
    - Suspension/expulsion from the hostel
    - Expulsion from the institution and consequent debarring from admission to any other institution.
    - Fine of Rupees 25,000/-
    - Collective punishment: when the persons committing or abetting the crime of ragging are not identified, the institution shall report to collective punishment as a deterrent to ensure community pressure on the potential raggers.
4. The institutional authority shall intimate the incidents of ragging occurred in their premises along with actions taken to the council immediately after occurrence of such incident and inform the status of the case from time to time.
5. Courts should make an effort to ensure that cases involving ragging are taken up on priority basis to send the correct message that ragging is not only to be discouraged but also to dealt with sternness.








## ਹਾਜ਼ਰੀ ਅਤੇ ਛੁੱਟੀਆਂ ਦੇ ਨਿਯਮ

- ਆਮ ਹਾਲਾਤਾਂ ਵਿੱਚ ਹਰੇਕ ਵਿਦਿਆਰਥੀ ਨੂੰ ਗੈਰ ਹਾਜ਼ਰ ਹੋਣ ਤੋਂ ਪਹਿਲਾਂ ਹੀ ਛੁੱਟੀ ਲੈਣੀ ਜ਼ਰੂਰੀ ਹੈ। ਅਚਾਨਕ ਬੀਮਾਰ ਹੋਣ 'ਤੇ ਜਾਂ ਕਿਸੇ ਦੁਰਘਟਨਾ ਦੀ ਹਾਲਤ ਵਿੱਚ ਛੁੱਟੀ ਬਾਅਦ ਵਿੱਚ ਮਨਜ਼ੂਰ ਕਰਵਾਈ ਜਾ ਸਕਦੀ ਹੈ।
- ਛੁੱਟੀ ਕਾਲਜ ਵੱਲੋਂ ਨਿਰਧਾਰਤ ਫਾਰਮ ਉੱਪਰ ਹੀ ਲੈਣੀ ਹੋਵੇਗੀ।
- ਟਿਊਟਰ ਇੱਕ ਸਮੇਂ ਵੱਧ ਤੋਂ ਵੱਧ ਤਿੰਨ ਦਿਨਾਂ ਦੀ ਛੁੱਟੀ ਮਨਜ਼ੂਰ ਕਰ ਸਕਦੇ ਹਨ।
- ਇਸ ਤੋਂ ਵੱਧ ਸਮੇਂ ਦੀ ਛੁੱਟੀ ਪ੍ਰਿੰਸੀਪਲ ਸਾਹਿਬ ਹੀ ਮਨਜ਼ੂਰ ਕਰ ਸਕਦੇ ਹਨ।
- ਪਿਤਾ ਜਾ ਸਰਪ੍ਰਸਤ ਦੀ ਮਨਜ਼ੂਰੀ ਤੋਂ ਬਿਨਾਂ ਛੁੱਟੀ ਪਰਵਾਨ ਨਹੀਂ ਕੀਤੀ ਜਾਵੇਗੀ।
- ਜਿਹੜਾ ਵਿਦਿਆਰਥੀ ਕਿਸੇ ਵੀ ਵਿਸ਼ੇ ਵਿੱਚ ਛੁੱਟੀ ਤੋਂ ਬਿਨਾਂ ਲਗਾਤਾਰ ਦਸ ਦਿਨ ਗੈਰਹਾਜ਼ਰ ਰਹਿੰਦਾ ਹੈ,ਉਸ ਦਾ ਨਾਂ ਕਾਲਜ ਰਿਕਾਰਡ ਵਿੱਚੋਂ ਕੱਟ ਦਿੱਤਾ ਜਾਵੇਗਾ।
- ਬੀਮਾਰੀ ਸਬੰਧੀ ਛੁੱਟੀ ਦੀ ਅਰਜ਼ੀ ਨਾਲ ਉਚਿਤ ਡਾਕਟਰੀ ਸਰਟੀਫਿਕੇਟ ਭੇਜਣਾ ਜ਼ਰੂਰੀ ਹੈ।

## ਲਾਇਬਰੇਰੀ

ਕਾਲਜ ਵਿੱਚ ਇੱਕ ਵਧੀਆ ਤੇ ਵਿਸ਼ਾਲ ਲਾਇਬਰੇਰੀ ਹੈ ਜਿਸ ਵਿੱਚ ਵੱਖੋ-ਵੱਖਰੇ ਵਿਸ਼ਿਆਂ ਨਾਲ ਸਬੰਧਿਤ ਕਿਤਾਬਾਂ ਹਨ। ਜਿਸ ਵਿੱਚ ਅਖ਼ਬਾਰਾਂ ਅਤੇ ਰਸਾਲਿਆਂ ਤੋਂ ਇਲਾਵਾ ਆਮ ਅਧਿਐਨ ਲਈ ਰੀਡਿੰਗ ਹਾਲ ਵੀ ਹੈ। ਕਾਲਜ ਵਿਦਿਆਰਥੀ ਲਾਇਬਰੇਰੀ ਵਿਚੋਂ ਪੜ੍ਹਨ ਲਈ ਹੇਠ ਲਿਖੇ ਅਨੁਸਾਰ 15 ਦਿਨਾਂ ਲਈ ਕਿਤਾਬਾਂ ਪ੍ਰਾਪਤ ਕਰ ਸਕਦੇ ਹਨ:

(ੳ)10+1, 10+2, ਤਿੰਨ ਸਾਲਾ ਡਿਗਰੀ ਕੋਰਸ ਲਈ 2 ਕਿਤਾਬਾਂ।

(ਅ) ਪੋਸਟ ਗ੍ਰੈਜੂਏਸ਼ਨ ਲਈ 4 ਕਿਤਾਬਾਂ।

ਹਰੇਕ ਵਿਦਿਆਰਥੀ ਲਈ ਲਾਇਬਰੇਰੀ ਦੇ ਹੇਠ ਲਿਖੇ ਨਿਯਮ ਹਨ:

- ਦਾਖ਼ਲੇ ਦੇ ਪਿਛੋਂ ਹਰ ਵਿਦਿਆਰਥੀ ਨੂੰ ਪੁਸਤਕਾਂ ਕਢਵਾਉਣ ਲਈ ਲਾਇਬਰੇਰੀ ਕਾਰਡ ਦਿੱਤਾ ਜਾਵੇਗਾ, ਜਿਸ ਵਿੱਚ ਲਾਇਬਰੇਰੀ ਵਿੱਚੋਂ ਪੁਸਤਕਾਂ ਕਢਵਾਉਣ ਸਬੰਧੀ ਨਿਯਮ ਦਿੱਤੇ ਗਏ ਹਨ।
- ਅਕਾਦਮਿਕ ਸੈਸ਼ਨ ਸਮਾਪਤ ਹੋਣ ਤੋਂ ਬਾਅਦ ਵਿਦਿਆਰਥੀ ਇਹ ਕਾਰਡ ਰੱਦ ਕਰਵਾਉਣ।
- ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਕਾਰਡ ਦੁਬਾਰਾ ਜਾਰੀ ਕਰਵਾਉਣ ਲਈ ਨਿਯਮਾਂ ਅਧੀਨ ਪੈਸੇ ਜਮ੍ਹਾਂ ਕਰਾਉਣੇ ਪੈਣਗੇ।
- ਲਾਇਬਰੇਰੀ ਦੇ ਰੀਡਿੰਗ ਹਾਲ ਵਿੱਚ ਚੁੱਪ ਅਤੇ ਸ਼ਾਂਤੀ ਬਣਾਈ ਰੱਖਣਾ ਜ਼ਰੂਰੀ ਹੈ।
- ਪੁਸਤਕ ਖ਼ਰਾਬ ਕਰਨ ਜਾਂ ਗੁਆਉਣ ਦੀ ਸੂਰਤ ਵਿੱਚ ਉਸਦੇ ਬਦਲੇ ਸੰਬੰਧਿਤ ਪੁਸਤਕ ਨਵੀਂ ਖ਼ਰੀਦ ਕੇ ਜਮ੍ਹਾਂ ਕਰਵਾਉਣੀ ਪਵੇਗੀ ਜਾਂ ਪੁਸਤਕ ਦੀ ਬਣਦੀ ਕੀਮਤ ਜਮ੍ਹਾਂ ਕਰਾਉਣੀ ਪਵੇਗੀ।
- ਲੋੜ ਪੈਣ ਤੇ ਵਿਦਿਆਰਥੀ ਤੋਂ ਜਾਰੀ ਕੀਤੀਆਂ ਪੁਸਤਕਾਂ ਵਾਪਿਸ ਲਈਆਂ ਜਾ ਸਕਦੀਆਂ ਹਨ।
- ਲੋੜਵੰਦ ਵਿਦਿਆਰਥੀਆਂ ਲਈ Book Bank ਦਾ ਪ੍ਰਬੰਧ ਕੀਤਾ ਗਿਆ ਹੈ। ਜਿਸ ਵਿਚ ਚਾਹਵਾਨ ਵਿਦਿਆਰਥੀ ਇਕ ਕਿਤਾਬ ਦਾਨ ਕਰਦੇ ਹਨ।

## ਐਨ.ਐਸ.ਐਸ.(ਕੌਮੀ ਸੇਵਾ ਯੋਜਨਾ)

ਕੌਮੀ ਸੇਵਾ ਯੋਜਨਾ ਦੇਸ਼ ਦੇ ਨੌਜਵਾਨਾਂ ਨੂੰ ਸੇਵਾ ਦੇ ਕੰਮ ਵਿੱਚ ਲਗਾਉਣ ਲਈ ਸਰਕਾਰ ਵੱਲੋਂ ਆਰੰਭ ਕੀਤੀ ਗਈ ਹੈ। ਕਾਲਜ ਨੂੰ ਐਨ.ਐਸ.ਐਸ. ਦੇ ਦੋ ਯੂਨਿਟ ਦੀ ਪ੍ਰਵਾਨਗੀ ਪ੍ਰਾਪਤ ਹੈ।ਐਨ.ਐਸ.ਐਸ. ਯੂਨਿਟ ਵੱਲੋਂ ਹਰ ਸਾਲ ਇੱਕ ਰੋਜ਼ਾ ਅਤੇ ਸੱਤ ਰੋਜ਼ਾ ਕੈਂਪ ਲਗਾਏ ਜਾਂਦੇ ਹਨ ਜਿਨ੍ਹਾਂ ਰਾਹੀਂ ਵਿਦਿਆਰਥੀਆਂ ਨੂੰ ਬਹੁਤ ਸਾਰੀਆਂ ਸਮਾਜਿਕ ਕੁਰੀਤੀਆਂ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਐਨ.ਐਸ.ਐਸ.ਦਾ ਵਲੰਟੀਅਰ ਬਣਨ ਲਈ ਵੱਖਰਾ ਫਾਰਮ ਭਰਨਾ ਹੋਵੇਗਾ।

## ਕਰੀਅਰ ਗਾਇਡੈਂਸ ਐਂਡ ਪਲੇਸਮੈਂਟ ਬਿਊਰੋ

ਵਿਦਿਆਰਥੀਆਂ ਨੂੰ ਰੋਜ਼ਗਾਰ ਸਬੰਧੀ ਸੂਚਨਾ ਅਤੇ ਅਗਵਾਈ ਦੇਣ ਲਈ ਕਰੀਅਰ ਗਾਇਡੈਂਸ ਪਲੇਸਮੈਂਟ ਬਿਊਰੋ ਸਥਾਪਿਤ ਕੀਤਾ ਗਿਆ ਹੈ।

## ਸੱਭਿਆਚਾਰਕ ਸਰਗਰਮੀਆਂ

ਕਾਲਜ ਵਿੱਚ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਜ਼ੋਨਲ ਅਤੇ ਅੰਤਰ-ਜ਼ੋਨਲ ਯੁਵਕ ਮੇਲਿਆਂ ਤੋਂ ਇਲਾਵਾ ਰਾਸ਼ਟਰੀ ਅਤੇ ਹੋਰ ਸਭਿਆਚਾਰਕ ਮੁਕਾਬਲਿਆਂ ਲਈ ਟ੍ਰੇਨਿੰਗ ਦੇ ਕੇ ਸ਼ਮੂਲੀਅਤ ਕਰਵਾਈ ਜਾਂਦੀ ਹੈ। ਕਾਲਜ ਵਿੱਚ ਗਿੱਧਾ, ਭੰਗੜਾ, ਲੋਕ ਗੀਤ, ਵੈਸਟਰਨ ਸੌਂਗ, ਨਾਟਕ, ਮਾਈਮ, ਮਮਿੱਕਰੀ, ਡਿਬੇਟ, ਭਾਸ਼ਣ, ਕੁਇਜ਼, ਲਲਿਤ ਕਲਾਵਾਂ ਆਦਿ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਵੱਖ-ਵੱਖ ਪੱਧਰ 'ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਅਤੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਇਨਾਮ ਦਿੱਤੇ ਜਾਂਦੇ ਹਨ:

1. ਪੰਜਾਬੀ ਯੂਨੀਵਰਸਿਟੀ ਦੇ ਜ਼ੋਨਲ/ਅੰਤਰ-ਜ਼ੋਨਲ/ਅੰਤਰ-ਵਰਸਿਟੀ ਪੱਧਰ 'ਤੇ ਯੁਵਕ ਮੇਲਿਆਂ ਵਿੱਚ ਵਿਸ਼ੇਸ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ, ਮੈਡਲ, ਮੈਰਿਟ ਸਰਟੀਫਿਕੇਟ, ਕਾਲਜ ਕਲਰ ਅਤੇ ਰੋਲ ਆਫ਼ ਆਨਰ।
2. ਰਾਸ਼ਟਰੀ/ਅੰਤਰ ਵਰਸਿਟੀ/ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਜੇਤੂ ਖਿਡਾਰੀਆਂ ਨੂੰ ਇਨਾਮ।

## ਖੇਡਾਂ



ਇਸ ਕਾਲਜ ਵਿੱਚ ਖੇਡਾਂ ਦਾ ਉਚਿਤ ਪ੍ਰਬੰਧ ਹੈ।ਚੰਗੇ ਖਿਡਾਰੀਆਂ ਨੂੰ ਹਰ ਤਰ੍ਹਾਂ ਦਾ ਉਤਸ਼ਾਹ ਦਿੱਤਾ ਜਾਂਦਾ ਹੈ। ਕਾਲਜ ਵਿੱਚ ਫੁੱਟਬਾਲ, ਕ੍ਰਿਕਟ, ਹੈਂਡਬਾਲ, ਬਾਸਕਟਬਾਲ, ਵਾਲੀਵਾਲ, ਟੇਬਲ ਟੈਨਿਸ, ਬੈਡਮਿੰਟਨ, ਐਥਲੈਟਿਕਸ, ਖੋ-ਖੋ ਅਤੇ ਕਬੱਡੀ ਆਦਿ ਖੇਡਾਂ ਦਾ ਸੁਯੋਗ ਪ੍ਰਬੰਧ ਅਤੇ ਸਹੂਲਤਾਂ ਹਨ।ਕਾਲਜ ਵਿੱਚ ਇੱਕ ਸਪੋਰਟਸ ਕਮੇਟੀ ਬਣਾਈ ਜਾਂਦੀ ਹੈ, ਜਿਹੜੀ ਖੇਡਾਂ ਦੇ ਬੰਦੋਬਸਤ ਵਿੱਚ ਮੱਦਦ ਕਰਦੀ ਹੈ।



1. ਰੋਜ਼ਾਨਾ ਪ੍ਰੈਕਟਿਸ ਵਿੱਚੋਂ ਗ਼ੈਰ ਹਾਜ਼ਰ ਖਿਡਾਰੀ ਅਤੇ ਮੈਚ ਵਿੱਚ ਗ਼ੈਰ ਹਾਜ਼ਰੀਆਂ ਲਈ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
2. ਕਾਲਜ ਦਾ ਕੋਈ ਵਿਦਿਆਰਥੀ ਕਿਸੇ ਟੂਰਨਾਮੈਂਟ ਵਿੱਚ ਕਾਲਜ ਵਿਰੁੱਧ ਨਹੀਂ ਖੇਡ ਸਕਦਾ।
3. ਯੂਨੀਵਰਸਿਟੀ ਨਿਯਮਾਂ ਮੁਤਾਬਿਕ ਰਾਸ਼ਟਰੀ /ਅੰਤਰ-ਰਾਸ਼ਟਰੀ /ਅੰਤਰ ਵਰਸਿਟੀ/ਯੂਨੀਵਰਸਿਟੀ ਮੈਚ ਖੇਡਣ ਵਾਲੇ ਵਿਦਿਆਰਥੀਆਂ ਦੀਆਂ ਕਾਲਜ ਵਿੱਚ 50% ਹਾਜ਼ਰੀਆਂ ਜ਼ਰੂਰੀ ਹਨ।
4. ਖੇਡਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ, ਮੈਡਲ, ਮੈਰਿਟ ਸਰਟੀਫਿਕੇਟ, ਕਾਲਜ ਕਲਰ ਅਤੇ ਰੋਲ ਆਫ਼ ਆਨਰ ਦਿੱਤੇ ਜਾਂਦੇ ਹਨ।
5. ਰਾਸ਼ਟਰੀ/ ਅੰਤਰ-ਰਾਸ਼ਟਰੀ/ ਯੂਨੀਵਰਸਿਟੀ / ਅੰਤਰ ਵਰਸਿਟੀ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਰਿਕਾਰਡ ਤੋੜਨ ਜਾਂ ਵਿਸ਼ੇਸ਼ ਪ੍ਰਾਪਤੀ ਕਰਨ 'ਤੇ ਕਾਲਜ ਵੱਲੋਂ ਨਕਦ ਇਨਾਮ ਦਿੱਤੇ ਜਾਂਦੇ ਹਨ।
6. ਰਾਸ਼ਟਰੀ/ ਅੰਤਰ-ਰਾਸ਼ਟਰੀ/ ਯੂਨੀਵਰਸਿਟੀ / ਅੰਤਰ ਵਰਸਿਟੀ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਜੇਤੂ ਖਿਡਾਰੀਆਂ ਨੂੰ ਨਕਦ ਇਨਾਮ ਦਿੱਤੇ ਜਾਂਦੇ ਹਨ।

## ਵਜ਼ੀਫ਼ੇ ਸਬੰਧੀ

### ਘੱਟ ਗਿਣਤੀ ਦੇ ਵਿਦਿਆਰਥੀਆਂ ਲਈ ਵਜ਼ੀਫ਼ਾ ਅਪਲਾਈ ਕਰਨ ਲਈ ਜ਼ਰੂਰੀ ਸ਼ਰਤਾਂ:-

ਵਿਦਿਆਰਥੀ ਦੇ ਮਾਪਿਆਂ ਦੀ ਸਾਲਾਨਾ ਆਮਦਨ 2 ਲੱਖ ਰੁਪਏ ਤੋਂ ਵੱਧ ਨਾ ਹੋਵੇ।ਇੱਕ ਪਰਿਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਵਜ਼ੀਫ਼ਾ ਨਹੀਂ ਦਿੱਤਾ ਜਾਵੇਗਾ। ਇੱਕ ਟਾਈਮ ਤੇ ਵਿਦਿਆਰਥੀ ਇੱਕ ਹੀ ਵਜ਼ੀਫ਼ਾ ਸਕੀਮ ਅਧੀਨ ਅਪਲਾਈ ਕਰ ਸਕਦਾ ਹੈ।ਵਿਦਿਆਰਥੀ ਪੰਜਾਬ ਰਾਜ ਦਾ ਵਸਨੀਕ ਹੋਵੇ ਅਤੇ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ।ਰਿਨਿਊਅਲ ਵਜ਼ੀਫ਼ਾ ਅਪਲਾਈ ਕਰਨ ਦੇ ਉਹੀ ਵਿਦਿਆਰਥੀ ਹੱਕਦਾਰ ਹੋਣਗੇ ਜਿਨ੍ਹਾਂ ਨੇ ਪੂਰਬਲੇ ਇਮਤਿਹਾਨ ਵਿੱਚੋਂ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਕੀਤੇ ਹੋਣ।ਆਮਦਨ ਸਰਟੀਫਿਕੇਟ ਤਹਿਸੀਲਦਾਰ ਤੋਂ ਬਣਿਆ ਹੋਇਆ ਹੋਣਾ ਚਾਹੀਦਾ ਹੈ।ਘੱਟ ਗਿਣਤੀ ਧਰਮ ਨਾਲ ਸਬੰਧਿਤ ਵਿਦਿਆਰਥੀ ਇਸ ਸਕੀਮ ਦਾ ਲਾਭ ਲੈ ਸਕਦੇ ਹਨ।

### ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਵਜ਼ੀਫ਼ਾ ਅਪਲਾਈ ਕਰਨ ਲਈ ਜ਼ਰੂਰੀ ਸ਼ਰਤਾਂ:-

ਵਿਦਿਆਰਥੀ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਵੱਧ ਨਾ ਹੋਵੇ।ਇੱਕ ਪਰਿਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਵਜ਼ੀਫ਼ਾ ਨਹੀਂ ਦਿੱਤਾ ਜਾਵੇਗਾ।ਵਿਦਿਆਰਥੀ ਪੰਜਾਬ ਰਾਜ ਦਾ ਵਸਨੀਕ ਹੋਵੇ ਅਤੇ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ।ਜੇਕਰ ਮਾਤਾ-ਪਿਤਾ ਵਿੱਚੋਂ ਕੋਈ ਵੀ ਸਰਕਾਰੀ ਨੌਕਰੀ ਕਰਦਾ ਹੈ ਉਹ ਵਿਦਿਆਰਥੀ ਵਜ਼ੀਫ਼ਾ ਅਪਲਾਈ ਨਹੀਂ ਕਰ ਸਕਦਾ।ਉਹੀ ਵਿਦਿਆਰਥੀ ਵਜ਼ੀਫ਼ਾ ਦੇ ਹੱਕਦਾਰ ਹੋਣਗੇ ਜਿਨ੍ਹਾਂ ਦੀ ਹਾਜ਼ਰੀ 75% ਤੋਂ ਉੱਪਰ ਹੋਵੇਗੀ।ਆਮਦਨ ਸਰਟੀਫਿਕੇਟ ਤਹਿਸੀਲਦਾਰ ਤੋਂ ਬਣਿਆ ਹੋਇਆ ਹੋਣਾ ਚਾਹੀਦਾ ਹੈ।

### ਵਜ਼ੀਫ਼ਾ ਅਪਲਾਈ ਕਰਨ ਲਈ ਲੋੜੀਂਦੇ ਦਸਤਾਵੇਜ਼:-

1. ਆਮਦਨ ਸਰਟੀਫਿਕੇਟ(Current)
2. ਪਿਤਾ ਵੱਲੋਂ ਹਲਫੀਆ ਬਿਆਨ(ਪਿਤਾ ਦੀ ਫੋਟੋ ਸਮੇਤ)
3. ਜਾਤੀ ਸਰਟੀਫਿਕੇਟ
4. 10th, 12th ਦਾ ਨੰਬਰ ਕਾਰਡ
5. ਰਿਹਾਇਸ਼ੀ ਸਰਟੀਫਿਕੇਟ(Current)
6. ਬੈਂਕ ਖਾਤੇ ਦੀ ਕਾਪੀ (ਆਧਾਰ-ਸੀਡਡ ਖਾਤਾ)
7. ਆਧਾਰ ਕਾਰਡ ਦੀ ਕਾਪੀ(ਵਿਦਿਆਰਥੀ ਅਤੇ ਮਾਤਾ-ਪਿਤਾ)

### ਧੀਆਂ ਪੁਕਾਰਦੀਆਂ ਵਜ਼ੀਫ਼ਾ ਯੋਜਨਾ:-

ਇਲਾਕੇ ਦੀਆਂ ਮਾਣਮੱਤੀਆਂ ਧੀਆਂ ਲਈ 'ਧੀਆਂ ਪੁਕਾਰ ਦੀਆਂ' ਸੰਸਥਾ(ਯੂ.ਐੱਸ.ਏ) ਵੱਲੋਂ ਵਿਸ਼ੇਸ਼ ਵਜ਼ੀਫ਼ਾ, ਜਿਸ ਤਹਿਤ ਵਿਦਿਆਰਥਣਾਂ ਨੂੰ ਪ੍ਰਤੀ ਮਹੀਨਾ 1000/-ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਇਸ ਵਜ਼ੀਫ਼ੇ ਲਈ ਨਿਮਨਲਿਖਤ ਸ਼ਰਤਾਂ ਲਾਗੂ ਕੀਤੀਆਂ ਹਨ:-

1. ਵਿੱਤੀ ਤੌਰ 'ਤੇ ਲੋੜਵੰਦ।
2. ਪੜ੍ਹਾਈ ਵਿੱਚ ਵਿਸ਼ੇਸ਼ ਪ੍ਰਾਪਤੀਆਂ।
3. ਹੋਣਹਾਰ ਅਤੇ ਅਨੁਸ਼ਾਸ਼ਨ ਦੀ ਪਾਲਣਾ।
4. ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ 75% ਹਾਜ਼ਰੀਆਂ।

### ਧਾਰਮਿਕ ਪ੍ਰੀਖਿਆ ਵਜ਼ੀਫ਼ਾ:-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਲਈ ਜਾਣ ਵਾਲੀ ਧਾਰਮਿਕ ਪ੍ਰੀਖਿਆ ਵਿਚੋਂ 70% ਤੋਂ ਜ਼ਿਆਦਾ ਮੈਰਿਟ ਦੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇ ਲਾਭ ਪ੍ਰਾਪਤ ਹੁੰਦੇ ਹਨ। ਇਹਨਾਂ ਵਜ਼ੀਫ਼ਿਆਂ ਦੇ ਕੁੱਲ ਚਾਰ ਦਰਜੇ ਹਨ। ਪਹਿਲਾ ਦਰਜਾ(6ਵੀਂ ਕਲਾਸ ਤੱਕ), ਦੂਜਾ ਦਰਜਾ ( 9ਵੀਂ ਕਲਾਸ ਤੋਂ 12ਵੀਂ ਕਲਾਸ ਤੱਕ), ਤੀਜਾ ਦਰਜਾ (ਗ੍ਰੈਜੂਏਸ਼ਨ), ਚੌਥਾ ਦਰਜਾ (ਪੋਸਟ ਗ੍ਰੈਜੂਏਸ਼ਨ)। ਦੂਜੇ ਦਰਜੇ ਦੇ ਵਿਦਿਆਰਥੀਆਂ ਨੂੰ 2100/- ਰੁਪਏ, ਤੀਜੇ ਦਰਜੇ ਵਿਚ 3100/- ਰੁਪਏ ਅਤੇ ਚੌਥੇ ਦਰਜੇ ਵਿਚ 4100/- ਰੁਪਏ ਦੀ ਰਕਮ ਦਿੱਤੀ ਜਾਂਦੀ ਹੈ।

## ਸਕੂਲ ਦੇ ਵਿਦਿਆਰਥੀਆਂ ਲਈ ਵਰਦੀ

- **ਲੜਕੀਆਂ ਲਈ :** ਦੁਪੱਟਾ ਨੀਲਾ, ਸਲਵਾਰ ਨੀਲੀ (Navy blue), ਕਮੀਜ਼ ਚਿੱਟੀ (White), ਬੂਟ ਕਾਲੇ
- **ਲੜਕਿਆਂ ਲਈ :** ਸ਼ਰਟ ਚਿੱਟੀ ( White), ਪੈਂਟ ਨੀਲੀ (Navy Blue), ਪੱਗ ਨੀਲੀ (Navy Blue), ਬੂਟ ਕਾਲੇ
- **ਸਰਦੀਆਂ ਵਿੱਚ ਲੜਕੇ ਅਤੇ ਲੜਕੀਆਂ ਲਈ :** ਬਲੇਜ਼ਰ : ਨੀਲਾ (Navy Blue)

## ਵਿਸ਼ੇ ਦੀ ਤਬਦੀਲੀ ਸਬੰਧੀ ਨਿਯਮ

10+1, 10+2 ਅਤੇ ਬੀ.ਏ. ਭਾਗ ਪਹਿਲਾ ਦਾ ਵਿਦਿਆਰਥੀ ਦਾਖ਼ਲੇ ਦੀ ਮਿਤੀ ਤੋਂ 10 ਦਿਨ ਦੇ ਅੰਦਰ-ਅੰਦਰ ਸੰਬੰਧਿਤ ਅਧਿਆਪਕ ਅਤੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ ਆਪਣਾ ਵਿਸ਼ਾ ਬਦਲ ਸਕਦੇ ਹਨ। ਵਿਸ਼ਾ ਬਦਲਣ ਦੀ ਫ਼ੀਸ 50/-ਰੁਪਏ ਪ੍ਰਤੀ ਵਿਸ਼ਾ ਹੋਵੇਗੀ।

## ਸ਼ਨਾਖ਼ਤੀ ਕਾਰਡ

- ਹਰ ਵਿਦਿਆਰਥੀ ਨੂੰ ਇੱਕ ਸ਼ਨਾਖ਼ਤੀ ਕਾਰਡ ਕਾਲਜ ਵੱਲੋਂ ਦਿੱਤਾ ਜਾਵੇਗਾ। ਇਹ ਸ਼ਨਾਖ਼ਤੀ ਕਾਰਡ ਵਿਦਿਆਰਥੀਆਂ ਲਈ ਕਾਲਜ ਕੈਂਪਸ ਵਿੱਚ ਹਰ ਸਮੇਂ ਆਪਣੇ ਕੋਲ ਰੱਖਣਾ ਜ਼ਰੂਰੀ ਹੈ। ਕਿਸੇ ਵੀ ਕਾਲਜ ਅਧਿਕਾਰੀ ਦੁਆਰਾ ਮੰਗੇ ਜਾਣ ਉੱਤੇ ਇਹ ਕਾਰਡ ਦਿਖਾਉਣਾ ਜ਼ਰੂਰੀ ਹੈ।
- ਜੇ ਕਿਸੇ ਵਿਦਿਆਰਥੀ ਕੋਲੋਂ ਸ਼ਨਾਖ਼ਤੀ ਕਾਰਡ ਗੁਆਚ ਜਾਂਦਾ ਹੈ ਤਾਂ ਇਸ ਸੰਬੰਧੀ ਲਾਇਬ੍ਰੇਰੀਅਨ ਸਾਹਿਬ ਨੂੰ ਤੁਰੰਤ ਹੀ ਲਿਖਤੀ ਸੂਚਨਾ ਦਿੱਤੀ ਜਾਵੇ ਅਤੇ ਨਿਯਮਾਂ ਮੁਤਾਬਿਕ ਨਵਾਂ ਸ਼ਨਾਖ਼ਤੀ ਕਾਰਡ ਪ੍ਰਾਪਤ ਕੀਤਾ ਜਾਵੇ।
- ਸ਼ਨਾਖ਼ਤੀ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਪੁਲਿਸ ਰਿਪੋਰਟ ਦਰਜ ਕਰਵਾਈ ਜਾਵੇ। ਇਸ ਰਿਪੋਰਟ ਦੀ ਕਾਪੀ ਅਤੇ 50/-ਰੁਪਏ ਜਮ੍ਹਾਂ ਕਰਵਾ ਕੇ ਦਫ਼ਤਰ ਵਿੱਚੋਂ ਡੁਪਲੀਕੇਟ ਸ਼ਨਾਖ਼ਤੀ ਕਾਰਡ ਪ੍ਰਾਪਤ ਕੀਤਾ ਜਾ ਸਕਦਾ ਹੈ।

## ਕਾਲਜ ਛੱਡਣ ਦੇ ਨਿਯਮ

- ਕਾਲਜ ਛੱਡਣ ਦਾ ਇਛੁੱਕ ਵਿਦਿਆਰਥੀ ਬਾਕਾਇਦਾ ਲਿਖਤੀ ਪੱਤਰ ਰਾਹੀਂ ਬੇਨਤੀ ਕਰੇਗਾ ਅਤੇ ਅਜਿਹਾ ਬੇਨਤੀ ਪੱਤਰ ਮਾਪਿਆਂ/ਸਰਪ੍ਰਸਤ ਦੁਆਰਾ ਹਸਤਾਖਰਿਤ ਹੋਣਾ ਜ਼ਰੂਰੀ ਹੈ।
- ਲਾਇਬ੍ਰੇਰੀ ਦੀਆਂ ਕਿਤਾਬਾਂ ਅਤੇ ਸ਼ਨਾਖ਼ਤੀ ਕਾਰਡ ਕਾਲਜ ਲਾਇਬ੍ਰੇਰੀਅਨ ਨੂੰ ਵਾਪਸ ਕਰਨੇ ਪੈਣਗੇ।
- ਕਾਲਜ ਦੇ ਭਰਨਯੋਗ ਖ਼ਰਚ/ਜੁਰਮਾਨੇ ਜੋ ਵਿਦਿਆਰਥੀ ਵੱਲ ਨਿਕਲਦੇ ਹੋਣ; ਦੇਣੇ ਪੈਣਗੇ।
- ਦਫ਼ਤਰ ਤੋਂ 'ਕੋਈ ਬਕਾਇਆ ਨਹੀਂ' ਸਰਟੀਫਿਕੇਟ(No Dues Cerificate) ਦਾ ਫ਼ਾਰਮ ਲੈ ਕੇ ਪੂਰੀ ਤਰ੍ਹਾਂ ਭਰ ਕੇ ਦਫ਼ਤਰ ਵਿੱਚ ਹੀ ਦੇਣਾ ਪਵੇਗਾ।
- ਜਿਹੜੇ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਤੋਂ ਬਿਨ੍ਹਾਂ ਕਾਲਜ ਛੱਡ ਜਾਣਗੇ ਜਾਂ ਜਿਨ੍ਹਾਂ ਵੱਲ ਲਾਇਬਰੇਰੀ ਦੀਆਂ ਕਿਤਾਬਾਂ/ਕਾਲਜ ਦੇ ਭਰਨਯੋਗ ਖਰਚੇ/ਕੋਈ ਹੋਰ ਸਮਾਨ ਬਕਾਇਆ ਹੋਇਆ, ਉਨ੍ਹਾਂ ਨੂੰ ਕਾਲਜ ਵੱਲੋਂ ਕੋਈ ਸਰਟੀਫਿਕੇਟ ਜਾਂ ਟੈਸਟੀਮੋਨੀਅਲ ਜਾਰੀ ਨਹੀਂ ਕੀਤਾ ਜਾਵੇਗਾ।

# ਫ਼ੀਸਾਂ ਦਾ ਵੇਰਵਾ

| ਕਲਾਸ | ਪਹਿਲੀ ਕਿਸ਼ਤ | ਦੂਸਰੀ ਕਿਸ਼ਤ | ਕੁੱਲ ਫੀਸ |
|---|---|---|---|
| 11th Arts | 6750 | 6750 | 13500 |
| 11th Commerce | 7300 | 7300 | 14600 |
| 11th Science | 7300 | 7300 | 14600 |
| 12th Arts | 6750 | 6750 | 13500 |
| 12th Commerce | 7300 | 7300 | 14600 |
| 12th Science | 7300 | 7300 | 14600 |
| BA I | 9630 | 9630 | 19260 |
| BA II | 9630 | 9630 | 19260 |
| BA III | 9000 | 9360 | 18360 |
| B COM I | 10760 | 10760 | 21520 |
| B COM II | 10760 | 10760 | 21520 |
| B COM III | 10000 | 10520 | 20520 |
| B.SC SCI I | 10760 | 10760 | 21520 |
| B.SC SCI II | 10760 | 10760 | 21520 |
| B.SC SCI III | 10000 | 10520 | 20520 |
| BCA I | 16720 | 16730 | 33450 |
| BCA II | 16720 | 16720 | 33450 |
| BCA III | 15900 | 15950 | 31850 |
| B.SC FT I | 14350 | 14350 | 28700 |
| B.SC FT II | 14350 | 14350 | 28700 |
| B.SC FT III | 13800 | 13700 | 27500 |
| M.SC IT I | 16250 | 16250 | 32500 |
| M.SC IT II | 16750 | 16750 | 33500 |
| MA I (PBI) | 11030 | 11030 | 22060 |
| MA II (PBI) | 11030 | 11030 | 22060 |
| PGDCA | 11300 | 11300 | 22600 |

- Even ਅਤੇ odd ਸਮੈਸਟਰ ਦੀ ਪ੍ਰੀਖਿਆ ਫੀਸ ਵੱਖਰੀ ਲਈ ਜਾਵੇਗੀ।
- ਪ੍ਰਾਸਪੈਕਟਸ ਦੀ ਫੀਸ ਵੱਖਰੀ ਲਈ ਜਾਵੇਗੀ।
- 10+1,10+2 ਪ੍ਰੀਖਿਆ ਫ਼ੀਸ ਵੱਖਰੀ ਲਈ ਜਾਵੇਗੀ।

## ਫ਼ੀਸ ਦੀ ਅਦਾਇਗੀ ਅਤੇ ਫ਼ੀਸ ਵਾਪਸੀ ਸਬੰਧੀ ਨਿਯਮ

1. ਪੂਰੇ ਸਾਲ ਦੀ ਫ਼ੀਸ ਦੋ ਕਿਸ਼ਤਾਂ ਵਿੱਚ ਲਈ ਜਾਵੇਗੀ। ਪਹਿਲੀ ਕਿਸ਼ਤ ਜੁਲਾਈ ਵਿੱਚ (ਦਾਖ਼ਲੇ ਸਮੇਂ) ਅਤੇ ਦੂਜੀ ਕਿਸ਼ਤ ਨਵੰਬਰ ਦੇ ਪਹਿਲੇ ਹਫ਼ਤੇ ਜਮ੍ਹਾਂ ਹੋਵੇਗੀ।
   - ਜੇ ਕੋਈ ਵਿਦਿਆਰਥੀ ਛੁੱਟੀ 'ਤੇ/ਗੈਰਹਾਜ਼ਰ ਹੈ ਤਾਂ ਵੀ ਉਸਨੂੰ ਅਦਾਇਗੀ ਨਿਸ਼ਚਿਤ ਮਿਤੀ ਤੇ ਕਰਨੀ ਪਵੇਗੀ।
   - ਅਦਾਇਗੀ ਨਕਦ ਹੀ ਹੋਵੇਗੀ।
   - ਸਮੇਂ-ਸਿਰ ਅਦਾਇਗੀ ਨਾ ਕਰਨ ਵਾਲੇ ਵਿਦਿਆਰਥੀ ਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ।
   - ਸਮੈਸਟਰ ਦੇ ਰੋਲ ਨੰਬਰ ਦੇਣ ਤੱਕ ਜਕਰ ਲੈਕਚਰ ਪੂਰੇ ਨਹੀਂ ਹੁੰਦੇ ਤਾਂ ਉਨ੍ਹਾਂ ਦੀ ਪੂਰਤੀ ਲਈ ਕਾਲਜ ਵਿੱਚ ਵਾਧੂ ਕਲਾਸਾਂ ਲਗਾਈਆਂ ਜਾਣਗੀਆਂ ਜਿਸਦੀ ਬਣਦੀ ਅਦਾਇਗੀ ਸਬੰਧਤ ਵਿਦਿਆਰਥੀਆਂ ਤੋਂ ਵਸੂਲ ਕੀਤੀ ਜਾਵੇਗੀ।
2. ਜੇਕਰ ਵਿਦਿਆਰਥੀ ਦਾਖ਼ਲਾ ਲੈਣ ਤੋਂ ਬਾਅਦ ਦਿੱਤੇ ਨਿਯਮਾਂ ਅਨੁਸਾਰ ਕਾਲਜ ਛੱਡ ਦਿੰਦਾ ਹੈ ਤਾਂ ਉਸਦੀ ਫ਼ੀਸ ਵਾਪਸੀ ਸੰਬੰਧੀ ਨਿਯਮ ਹੇਠ ਲਿਖੇ ਅਨੁਸਾਰ ਹਨ:-
   - ਫ਼ੀਸ ਵਾਪਸੀ ਦਾਖ਼ਲਾ ਹੋਣ ਦੀ ਮਿਤੀ ਤੋਂ ਸਿਰਫ਼ 10 ਦਿਨਾਂ ਵਿੱਚ ਅਰਜ਼ੀ 'ਤੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ ਹੋਵੇਗੀ।
   - ਦਾਖ਼ਲ ਹੋਣ ਦੀ ਮਿਤੀ ਤੋਂ 10 ਦਿਨਾਂ ਬਾਅਦ ਕਿਸੇ ਵੀ ਹਾਲਤ ਵਿੱਚ ਫ਼ੀਸ ਵਾਪਸ ਨਹੀਂ ਕੀਤੀ ਜਾਵੇਗੀ।
   - ਜੇਕਰ ਵਿਦਿਆਰਥੀ ਨੇ ਕਿਸੇ ਵੀ ਵਿਸ਼ੇ ਦੀ ਕੋਈ ਕਲਾਸ ਨਹੀਂ ਲਗਾਈ ਤਾਂ ਕਾਲਜ ਛੱਡਣ ਦੀ ਸੂਰਤ ਵਿੱਚ 10% ਫ਼ੀਸ ਕੱਟ ਕੇ ਬਾਕੀ ਫ਼ੀਸ ਵਾਪਿਸ ਕਰ ਦਿੱਤੀ ਜਾਵੇਗੀ।

# ਸੰਸਥਾ ਵਿਚ ਚੱਲ ਰਹੇ ਕੋਰਸ

## 10+1, 10+2 (ਆਰਟਸ, ਕਾਮਰਸ, ਸਾਇੰਸ)

- B.A.
- B.Sc. (Medical)
- B.Sc. (Non-Medical)
- BCA
- B.Sc. (Fashion Tech.)
- B.Com
- M.A. (Punjabi)
- M.Sc. (IT)
- PGDCA

**ਨੋਟ:** ਕਾਲਜ ਦੇ ਸਾਰੇ ਕੋਰਸਾਂ ਦੀਆਂ ਕਲਾਸਾਂ ਦੇ ਵਿਸ਼ੇ ਪੰਜਾਬੀ ਯੂਨੀਵਰਸਿਟੀ, ਪਟਿਆਲਾ AICTE ਅਤੇ NEP–2020 ਦੀਆਂ ਹਿਦਾਇਤਾਂ ਅਨੁਸਾਰ ਭਰਵਾਏ ਜਾਣਗੇ।

## 10+1 & 10+2 Class

| 10+1 & 10+2 Arts | 10+1 & 10+2 Medical | 10+1 & 10+2 Non-Medical |
|---|---|---|
| **ਲਾਜ਼ਮੀ ਵਿਸ਼ੇ**<br>1 .ਅੰਗਰੇਜੀ (ਕਮਿਊਨੀਕੇਸ਼ਨ ਸਕਿੱਲਜ਼)<br>2. ਪੰਜਾਬੀ<br>**ਚੋਣਵੇਂ ਵਿਸ਼ੇ**<br>ਗਰੁੱਪ-ੳ : ਇਕਨਾਮਿਕਸ<br>ਗਰੁੱਪ-ਅ: ਅੰਗਰੇਜੀ ਸਾਹਿਤ, ਪੰਜਾਬੀ ਸਾਹਿਤ<br>ਗਰੁੱਪ-ੲ : ਇਤਿਹਾਸ, ਗਣਿਤ<br>ਗਰੁੱਪ-ਸ : ਸੰਗੀਤ (ਗਾਇਨ), ਕੰਪਿਊਟਰ ਐਪਲੀਕੇਸ਼ਨ<br>ਗਰੁੱਪ-ਹ: ਰਾਜਨੀਤੀ ਵਿਗਿਆਨ(ਪੋਲਿਟੀਕਲ ਸਾਇੰਸ)<br>ਗਰੁੱਪ-ਕ : ਧਰਮ (ਰਿਲੀਜਨ)<br>ਗਰੁੱਪ-ਖ : ਸਰੀਰਕ ਸਿੱਖਿਆ | 1. English<br>2. Punjabi<br>3. Physics<br>4. Chemistry<br>5. Biology/Mathematics | 1. English<br>2. Punjabi<br>3. Physics<br>4. Chemistry<br>5. Mathematics/Biology |

| 10+1 Commerce | 10+2 Commerce |
|---|---|
| 1. Business Studies | 1.Business Studies-II |
| 2. Accountancy- I | 2. Accountancy- II |
| 3 .Business Economics | 3. Business Economics |
| 4. Modern Office Practices | 4. Fundamental of E-Business |
| 5. Punjabi | 5. Punjabi |
| 6. English | 6. English |

**ਨੋਟ:** 10+1, 10+2 ਕਿਸੇ ਵੀ ਵਿਸ਼ਾ ਗਰੁੱਪ ਵਿੱਚ 5 ਤੋਂ ਘੱਟ ਵਿਦਿਆਰਥੀ ਹੋਣ ਦੀ ਸੂਰਤ ਵਿੱਚ ਵਿਸ਼ਾ ਗਰੁੱਪ ਸ਼ੁਰੂ ਨਹੀਂ ਕੀਤਾ ਜਾਵੇਗਾ।

**ਨੋਟ:** ਵਾਤਾਵਰਨ ਸਿੱਖਿਆ ਅਤੇ ਕੰਪਿਊਟਰ ਸਾਇੰਸ ਦੇ ਵਿਸ਼ੇ 10+1, 10+2 ਕਲਾਸ ਲਈ ਲਾਜ਼ਮੀ ਹਨ।



# College Activities























Guru Gobind Singh Khalsa College
Bhagta Bhai Ka (Bathinda)
Industrial Visi


ਮੇਲਾ ਤੀਆਂ ਦਾ


ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ
ਭਗਤਾ ਭਾਈਕਾ (ਬਠਿੰਡਾ)


ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲ
ਭਗਤਾ ਭਾਈ ਕਾ (ਬਠਿੰਡਾ)


NATIONAL VOTERS DAY












CHHATBIR ZOO





# College Departments





























# ਸਾਡੇ ਵਿਦਿਆਰਥੀ ਸਾਡਾ ਮਾਣ


Amandeep Kaur (Ist)
+1 Science (87%)


Jaspreet Kaur (IInd)
+1 Science (80%)


Amandeep Kaur (Ist)
+1 Arts (74%)


Khushi Kaur (IInd)
+1 Arts (71%)


Devansh (Ist)
+1 Commerce (85%)


Harsimran Kaur(IInd)
+1 Commerce (80%)


Parwinder Singh(Ist)
+2 Science (84%)


Kirandeep Kaur (IInd)
+2 Science (74%)


Sukhpreet Kaur (Ist)
+2 Arts (72.2%)


Rajkaran Singh (IInd)
+2 Arts (72%)


Gurlal Singh (Ist)
+2 Commerce (69%)


Husanpreet (IInd)
+2 Commerce (67%)


Jashandeep Kaur (Ist)
B.A I (81%)


Harmanjot Kaur (IInd)
B.A I (80%)


Lovepreet Singh (Ist)
B.A II (76%)


Jaspreet Kaur (IInd)
B.A II (75%)


Sumandeep Kaur(Ist)
B.A III (83%)


Gunnidhi Sharma (IInd)
B.A III (77%)


Gurnoor Kaur(Ist)
B.Com I (70%)


Navneet Kaur (IInd)
B.Com I (61%)


Kiranveer Kaur (Ist)
B.Com II (80%)


Rajandeep Singh (IInd)
B.Com II (71%)


Mandeep Kaur (Ist)
B.Com III (80%)


PrabhjotKaur (Ist)
B.Com III (63%)


Amandeep Kaur (Ist)
BCA I (60%)


Mandeep Singh (IInd)
BCA II (64.30%)


Jashandeep Kaur(IInd)
BCA II (66%)


Teerth Singh (Ist)
BCA III (67.5%)


Lovepreet Singh (IInd)
BCA III (67.16%)


Khushpreet Kaur (Ist)
B.Sc NM I (75%)


Prabhjot Kaur (Ist)
B.Sc NM I (73%)


Tanudeep Kaur (Ist)
B.Sc NM II (67%)


Saira (IInd)
B.Sc NM II (66%)


Mandeep Kaur (Ist)
BSc NM III (76%)


Kajal Devi (IInd)
BSc NM III (75%)


Sandeep Kaur (Ist)
B.Sc Medical I (71%)


Harneel Kaur(IInd)
B.Sc Medical I (70%)


Gurwinder Kaur (Ist)
B.Sc Medical II (71%)


Kamalpreet Kaur (IInd)
B.Sc Medical II (68%)


Jashanpreet Kaur (Ist)
BSc M III (74%)


Arshveer Kaur (IInd)
BSc M III (73%)


Sandeep Kaur (Ist)
B.Sc Fashion Technology I
(75.78%)


Damandeep Kaur (IInd)
B.Sc Fashion Technology I
(75.71%)


Amandeep Kaur (Ist)
B.Sc Fashion Technology II
(78.11%)


Sukhpreet Kaur (IInd)
B.Sc Fashion Technology II
(78.11%)


Ramandeep Kaur (Ist)
B.Sc Fashion Technology III
(78.11%)


Ramandeep Kaur (IInd)
B.Sc Fashion Technology III
(75.02%)


Gaganpreet Kaur
PGDCA
(80%)


Manjeet Kaur
PGDCA (79.2%)


Sukhdeep Kaur (Ist)
M.Sc IT I (73%)


Rupinder Kaur (Ist)
M.Sc IT I (71%)


Simarjeet Kaur (Ist)
M.A. Pbi I (CGPA 7.40)


Amanpreet Kaur (IInd)
M.A. Pbi I (CGPA 7.20)


Jyoti Kaur (Ist)
M.A. Pbi II (CGPA 7.60)


Jaspreet Kaur(Ist)
M.A. Pbi II
(CGPA 7.60)


Veerpal Kaur(IInd)
M.A. Pbi II
(CGPA 6.75)

## Best Athlete


Anmoldeep Singh
BA III


Pooja
BA I


ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ
ਭਗਤਾ ਭਾਈ ਕਾ (ਬਠਿੰਡਾ)










NSS UNIT






ਸੁੰਦਰ ਦਸਤਾਰ
ਮੁਕਾਬਲੇ



ਡਾਇਰੈਕਟੋਰੇਟ ਆਫ਼ ਐਜੂਕੇਸ਼ਨ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

## ਸ੍ਰੀ ਅੰਮ੍ਰਿਤਸਰ ਸਾਹਿਬ



# ਪ੍ਰਾਸਪੈਕਟਸ

# 2025-26

## ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ

ਭਗਤਾ ਭਾਈ ਕਾ, ਜ਼ਿਲ੍ਹਾ ਬਠਿੰਡਾ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਤੋਂ ਮਾਨਤਾ ਪ੍ਰਾਪਤ

www.ggskcbhagta.org ggskcbhagta@gmail.com

95928-05550, 70097-02128, 98777-34812, 98144-80415, 98724-03070

Printed at : Golden Offset Press, Sri Amritsar